# ਕਪਨ



ਪ੍ਰੀਤਮ ਸਿੰਘ ਪੰਜਲ

Punjabi Poetry (ਪੰਜਾਬੀ ਕਾਵਿ-ਸੰਗ੍ਰਹਿ)

# Kapan (ਕਪਨ)

By: Pritam Singh Dhanjal

First Edition: Application CD, August 2009
Second Edition: This *.pdf format, January 2018

Web Address: http://www.dhanjal.com
E-Mail Address: pritam@dhanjal.com

**© The Author**

All rights reserved under International and Pan-American Convention.

No Part of this book may be reproduced in any form or media for commercial use, without the written prior consent of the Author.

Cover Design: Pritam Singh Dhanjal

Graphics: Pritam S Dhanjal

Milan Publishers, Canada.
milan@dhanjal.com

## ਤਤਕਰਾ


06 ਸਮਰਪਨ
07 ਅੰਮ੍ਰਿਤ (ਅ-ਮ੍ਰਿਤ) ਵੇਲ਼ਾ?
09 ਆਦਿ-ਅੰਤ
09 ਅੰਮ੍ਰਿਤਾ
10 ਆਤਮਾ
10 ਇਤਬਾਰ
11 ਨੱਚਣ
11 ਅਹਿਸਾਸ
12 ਕਤਾਅ
12 ਆ! ਇਕੱਠੇ ਸਫ਼ਰ ਕਰੀਏ
16 ਮਰਯਾਦਾ
16 ਕੁਲੰਬਸ
17 ਰਾਮ ਕਹਾਣੀ
18 ਮਿੱਟੀ ਦੀ ਬੁੱਕਲ **
19 ਦੀਵਾਰ-ਔ-ਦਰ
20 ਇਕ ਪੜਾਅ
20 ਜਾਏ ਸੁੱਤੇ ਜੀਰਾਣ ... ...
21 ਲਾਚਾਰੀਆਂ ਦਾ ਡਰ
21 ਮੇਪਲ
22 ਓ ਸਰਦਾਰ! ਹੋਸ਼ਿਆਰ।
23 ਪੰਜਾਬ ਦੀ ਧਰਤੀ
24 ਯਾਦਾਂ ਦੀ ਖਿੜਕੀ 'ਚੋਂ
25 ਗੋਸ਼ਟੀ
26 ਇਕ ਪਰਛਾਵਾਂ ਅੱਗੇ
27 ਕੀਰਤਪੁਰ / ਗੰਗਾ
28 ਹਰ ਛਿਣ ਨਵਾਂ ਨਕੋਰ
29 ਰੱਬ ਦਾ ਕੋਈ ਨਾ ਅਤਾ-ਪਤਾ ਹੈ,
30 ਉਸ ਨੂੰ ਮਿਲਿਆ, ਉਸ ਨੂੰ ਚਾਹਿਆ
30. ਇਕ ਅਜਾਣੀ ਭਾਲ ਵਿਚ
31 ਮੇਰੇ ਜਿਸਮ ਦੇ ਆਕਾਰ ਤੋਂ

31. ਦਰਦ ਵਧ ਕੇ ਜਦੋਂ ਦਵਾ ਨਾ ਬਣੇ
32  ਮੈਂ ਹਿੱਲਾਂ ਜਾਂ ਨਾ ਹਿੱਲਾਂ
32. ਮੈਂ ਜਵਾਬ ਦੇ ਕੇ ਜਿੱਤਿਆ
33  ਦਿਨ ਮੇਰੀ ਇਕੱਲਤਾ ਦੇ
33. ਸਜਾ ਕੇ ਖ਼ਾਬ ਪਲਕਾਂ 'ਤੇ
34  ਤੂੰ ਭਾਵੇਂ ਮੁਸਕਾ
34. ਬਸ ਜ਼ਖ਼ਮ ਹੀ ਨਾ ਹੁੰਦੇ
35  ਤੁਰਨ ਵੇਲ਼ੇ ਦੇਖੀਆਂ ਜਦ ਅੱਖੀਆਂ ਨਮ
35. ਗੱਲ ਸਾਫ਼ ਸਾਫ਼ ਕਹਿ ਕੇ
36  ਉਹ, ਜਿਨ੍ਹਾਂ ਨੂੰ ਆ ਗਿਆ ਹੈ
36. ਅੱਜ ਆਪਣੇ ਆਪ ਨੂੰ ਹੀ
37  ਜੱਦ  ਮੇਰਾ ਵੀ ਹੈ
37. ਕਹਿ ਰਿਹਾ ਹੈ, "ਦੋਸ਼ ਹੈ ਕਿਸਮਤ ਦਾ, ਈਸ ਦਾ।"
38  ਛੁਪਾ ਕੇ ਰੱਖਿਆ ਹੈ ਪਿਆਰ ਉਸ ਦਾ
38. ਇੰਜ ਆਪਣੀ ਤਬੀਅਤ ਹੈ
39  ਕੁਝ ਜਾਇਜ਼ ਕੁਝ ਨਾ-ਜਾਇਜ਼
39. ਜ਼ਿੰਦਗੀ ਦੇ ਆਖ਼ਰੀ ਦਿਨ
40  ਆਪਣੇ ਲੋਕਾਂ ਦੇ ਗਲ ਤੋਂ
40. ਘੋਖਿਆ ਹੈ ਜ਼ਿੰਦਗੀ ਨੂੰ ਬਾਰ ਬਾਰ
41  ਜੰਗਲ ਦੇ ਵਿਚ ਬੁਲਬੁਲ ਕੋਈ
42  ਜਹਾਂ ਕੁਛ ਦੇਰ ਪਹਿਲੇ ਨਾ ਥਾ
43  ਕਦਮ ਛੋੜਤੇ ਜਾ ਰਹੇ ਹੈਂ ਨਿਸ਼ਾਂ
43. ਮੇਰੇ ਜਿਸਮ ਦੇ ਆਕਾਰ ਤੋਂ
44  ਕੁਦਰਤ ਦਾ ਰੰਗੀਨ ਫ਼ਲਸਫ਼ਾ
45  ਵਗਦੇ ਪਾਣੀ ਦੇ ਵਿਚ ਪੱਥਰ
46  ਉਹ ਤਸੱਵਰ ਵੀ ਕਿਸੇ
46. ਕੱਲ੍ਹ ਤੇਰੇ ਪਰਵਾਨਿਆਂ ਦੀ
47  ਝੂਠ ਵਾਂਗੂੰ ਸੱਚ ਦਾ ਦਰਜਾ ਨਹੀਂ
47. ਦਿਨ ਮੇਰੀ ਇਕੱਲਤਾ ਦੇ
48  ਦੀਵਾ, ਜੋ ਨ੍ਹੇਰੀ ਦੇ ਵਿਚ ਜਗਾ ਗਿਆ
48. ਤੁਰਦੀ ਤੁਰਦੀ ਹੈ ਜਵਾਨੀ ਤੁਰ ਗਈ
49  ਦੂਸਰਿਆਂ ਨੂੰ ਦੋਸ਼ੀ ਕਹਿਣਾ
50  ਜਾਗੇ ਮਨ ਦੀਆਂ ਅੱਖਾਂ

50. ਘਰ ਤਾਂ ਉਹ ਹੁੰਦਾ ਹੈ
51 ਜੀਵਨ ਦੇ ਰਾਹਾਂ 'ਚ ਜਦ ਵੀ
51. ਦੇਵੇ ਤੇ ਰੱਬ ਸਭ ਕੁਝ ਦੇਵੇ
52 ਤੜਪ ਤੜਪ ਕੇ ਮਰਨਾ
53 ਨ੍ਹੇਰਾ ਹੋਇਆ, ਅੱਖਾਂ ਵਿਚ ਸੁਪਨਾ ਲੈ ਆਂਦਾ
54 ਵਹਿਣ ਦੇ ਪਾਣੀ ਤਾਂ ਸਾਰੇ ਇਕ ਜਿਹੇ
55 ਨਿੱਕੀਆਂ ਨਿੱਕੀਆਂ ਗੱਲਾਂ ਸੁਣ ਕੇ
56 ਗ਼ਲਤੀ ਤਾਂ ਇਕ ਬਹਾਨਾ ਹੈ
57 ਵਰ੍ਹਦੇ ਸਾਉਣ ਨੇ
58 ਉਪਰਲੇ ਪਾਣੀ ਦੇ ਵਿਚ ਜਨੂੰਨ ਜਿਹਾ
58. ਉਹ, ਜਿਹੜੀ ਅੰਦਰ ਨੂੰ ਟੋਹਵੇ
59 ਮਾਣ, ਹਰ ਇਕ ਨੂੰ
59. ਇਹ ਜ਼ਮਾਨਾ ਮੇਰਾ ਹਿੱਸਾ
60 ਦੀਵਾਲੀ ਦੀ ਜਗਮਗ ਤੱਕ ਕੇ
60. ਚੇਤਨਾ, ਕਾਫ਼ਿਰ ਬਣਾ ਕੇ ਛੱਡ ਗਈ
61 ਖ਼ੁਦ-ਮਿਜ਼ਾਜੀ ਦਾ ਸਮਾਂ ਹੈ, ਦੋਸਤੋ!
61. ਖ਼ਾਮੀਆਂ ਅਕਸਰ ਫ਼ਸਾਨਾ ਬਣਦੀਆਂ
62 ਗੁੱਝੀਆਂ ਰਮਜ਼ਾਂ 'ਚ
62. ਜੀਵਨ ਦੇ ਵਿਚ ਕੀ ਕੁਝ ਪਾਇਆ
63 ਰੂਹ-ਏ-ਸੁਬਹ ਕੇ ਦੌਰ ਮੇਂ
64 ਜੰਗਲ ਵਿਚ ਛੱਡ ਆਓ
65 ਕਾਫ਼ਲੇ ਬੇਬਸੀ ਕੇ
65. ਵਕਤ ਕੋਈ ਵੀ, ਭਲਾ ਨਾ ਹੋਵੇ
66 ਕੁਝ ਸ਼ੇਅਰ
67 ਕੁਝ ਹੋਰ ਸ਼ੇਅਰ



## ਸਮਰਪਣ

.

.

.

ਜੋ ਹੈ ਨਰਕਾਂ ਤੇ ਸਵਰਗਾਂ ਤੋਂ ਪਰੇ,
ਧਰਤੀਆਂ ਤੇ ਆਸਮਾਨਾਂ ਤੋਂ ਪਰੇ,
ਜਿਸ ਬਿਨਾਂ ਮੈਂ ਜੀਵਾਂ ਤੇ ਨਾ ਮਰ ਸਕਾਂ,
ਦੱਸ ਭਲਾ! ਕੀ ਉਸ ਨੂੰ ਅਰਪਣ ਕਰ ਸਕਾਂ!

# ਅੰਮ੍ਰਿਤ (ਅ-ਮ੍ਰਿਤ) ਵੇਲ਼ਾ?

ਇਸ ਧੁੰਧ ਤੋਂ ਉੱਚੀ ਹੈ,
ਇਕ ਪਰਬਤ ਦੀ ਚੋਟੀ।

ਬੱਚੇ ਦੇ ਵਾਂਗ ਸੁੱਤਾ,
ਇਕ ਮਨ ਫਿਰ ਜਾਗ ਪਿਆ;
ਜਿਵੇਂ ਪਹਿਲੀਆਂ ਰਿਸ਼ਮਾਂ ਨੇ,
ਕਲੀਆਂ ਦੇ ਚਿਹਰੇ ਤੋਂ,
ਕੋਈ ਘੁੰਘਟ ਲਾਹਿਆ ਹੈ।

ਪੱਥਰਾਂ ਦੇ ਉਸ ਪਾਸੇ,
ਇਕ ਝਰਨਾ ਬੋਲ ਰਿਹਾ,
ਆਪੇ ਲਿਖ ਲਿਖ ਕੇ ਉਹ,
ਕੋਈ ਗੀਤ ਸੁਣਾਂਦਾ ਹੈ।

ਧਰਤੀ ਦੀ ਗਤੀ ਜਿੰਨਾ,
ਕੋਈ ਤੇਜ਼ ਤੁਰੇ ਜੇਕਰ,
ਤਾਂ ਸ਼ੋਰ ਤਾਂ ਹੋਣਾ ਹੈ।
ਇਸ ਗੂੰਜ ਤੋਂ ਪੈਦਾ ਹੋ,
ਕੰਨਾਂ ਦੇ ਅੰਦਰ ਨੇ,
ਜਿਵੇਂ ਬਿੰਡੇ ਬੋਲ ਰਹੇ।

ਮਨ ਸ਼ਾਂਤ, ਅ-ਸੋਚ ਜਿਹਾ,
ਕੁਦਰਤ ਦੀ ਗੋਦੀ ‘ਚੋਂ,
ਉੱਠਣ ਨੂੰ ਕਰਦਾ ਹੈ।
ਅੱਧ-ਮੀਟੀਆਂ ਅੱਖਾਂ ਵਿਚ,
ਨਾ ਸੋਚ ਨਾ ਸੁਪਨਾ ਹੈ,
ਮਨ ਚੁੱਪ-ਚੁਪੀਤਾ ਹੈ,
ਅੰਮ੍ਰਿਤ ਦਾ ਵੇਲ਼ਾ ਹੈ।

ਤਤਕਰਾ

ਨਾ ਨਾ ਜੀ, ਨਾ ਜੀ ਨਾ,
ਅ-ਮ੍ਰਿਤ ਕੁਝ ਨਾ ਹੁੰਦਾ।
ਹਰ ਸ਼ੈਅ ਗਤੀ ਅੰਦਰ,
ਦਿਨ ਦੇ ਵਿਚ ਇਕ ਵਾਰੀ,
ਏਥੋਂ ਦੀ ਲੰਘਦੀ ਹੈ,
ਫਿਰ ਓਝਲ ਹੁੰਦੀ ਹੈ।

ਤਤਕਰਾ

## ਆਦਿ-ਅੰਤ

ਸਿਫ਼ਰ ਦਾ ਘੇਰਾ ਦਸਦਾ ਹੈ ਕਿ,
ਸਿਫ਼ਰ, ਜਿਸ ਤਰ੍ਹਾਂ ਇਕ ਸਫ਼ਰ ਹੈ।
ਏਸ ਸਫ਼ਰ ਦਾ 'ਆਦਿ ਤੇ ਅੰਤ'
ਹਰ ਇਕ ਥਾਂ 'ਤੇ ਹੀ ਹੁੰਦਾ ਹੈ।

ਏਸ ਸਿਫ਼ਰ ਦੇ ਸਫ਼ਰ ਦੇ ਉੱਤੇ,
ਭਵਿੱਖ ਵੀ ਅੱਗੇ, ਭੂਤ ਵੀ ਅੱਗੇ।
ਜਾਂ ਇੰਜ ਵੀ ਕਹਿ ਸਕਦੇ ਹਾਂ ਕਿ,
"ਭੂਤ ਵੀ ਪਿੱਛੇ, ਭਵਿੱਖ ਵੀ ਪਿੱਛੇ"।
ਤੇ ਜਾਂ ਇੰਜ ਵੀ ਕਹਿ ਸਕਦੇ ਹਾਂ,
"ਇਹ ਸਿਫ਼ਰ, ਏਨਾ ਕੁਝ ਹੋ ਕੇ,
'ਸਮੇਂ-ਸਥਾਨ' ਤੋਂ ਬਾਹਰ ਹੁੰਦਾ"।

## ਅੰਮ੍ਰਿਤਾ

'ਅਮਰ' ਹੋਣ ਦੀ ਇੱਛਾ ਕਿਉਂ ਹੁੰਦੀ ਕਿਸੇ ਨੂੰ!
ਦੁਨੀਆਂ ਵਾਲਾ ਇਹ ਜੀਵਨ, ਜੇਕਰ ਤੜਪਾਂਦਾ।

ਮੌਤ ਦੇ ਡਰ ਤੋਂ ਉਪਜੀ 'ਅੰਮ੍ਰਿਤਾ' ਦੀ ਇੱਛਾ,
ਇਸ ਹਨੇਰੇ ਨੇ ਵੀ ਕੈਸਾ ਰੰਗ ਲਿਆਂਦਾ!

ਇਸ ਦੁਨੀਆਂ ਨੂੰ ਕੋਈ ਕਦੇ ਨਾ ਛੱਡਣਾ ਚਾਹਵੇ,
ਇਸ ਤੋਂ ਬਿਹਤਰ ਹੋਰ ਕਿਤੇ ਕੁਝ ਨਾ ਦਰਸਾਂਦਾ। 1

ਮੈਂ ਤਸੱਵਰ ਵੀ ਕਿਸੇ ਅੰਮ੍ਰਿਤ ਦਾ ਪ੍ਰੀਤਮ ਕੀ ਕਰਾਂ,
ਜੋ ਵੀ ਸਮਝੇ ਏਸ ਕੁਦਰਤ ਨੂੰ, ਮਰਨ ਤੋਂ ਨਾ ਡਰੇ। 2

## ਆਤਮਾ

ਆਤਮਾ ਦਾ ਨਾਂ ਕੀ ਹੋ ਸਕਦੈ!
ਕੌਣ ਇਹਦੀ ਪਹਿਚਾਣ ਕਰੇ!
ਇਹਦੇ ਚੋਲੇ ਤਕ ਹੀ, ਸੀਮਾ ਹੈ,
ਹੋਣਾ ਕੁਝ ਨਾਂਵਾਂ ਦਾ।

ਆਤਮਾ ਹੀ ਪਰਮਾਤਮਾ ਵੀ ਹੋ ਸਕਦੀ,
ਖ਼ੁਦੀ ਨਾ ਹੋਵੇ ਤਾਂ ਬੰਦਾ ਖ਼ੁਦਾ ਹੋ ਜਾਵੇ।

---

ਆਪਸ ਕਉ ਆਪਿ ਦੀਨੋ ਮਾਨੁ
ਨਾਨਕ ਪ੍ਰਭ ਜਨੁ ਏਕੋ ਜਾਨੁ ॥8॥14॥

## ਇਤਬਾਰ

ਐ ਪ੍ਰੀਤਮ! ਪਿਆਰ ਦੇ ਕਾਬਿਲ ਤੂੰ ਬਣ,
ਪਿਆਰ ਦੇ ਇਕਰਾਰ ਦੇ ਕਾਬਿਲ ਤੂੰ ਬਣ,
ਇਹ ਵੀ ਬਣ ਜਾਵੇਂ ਤਾਂ ਵੱਡੀ ਗੱਲ ਨਹੀਂ,
ਫਿਰ ਜ਼ਰਾ ਇਤਬਾਰ ਦੇ ਕਾਬਿਲ ਤੂੰ ਬਣ। –1

ਜੇ ਜਾਨ ਮੰਗਾਂ ਤਾਂ ਕੋਈ ਜਾਨ ਵੀ ਦੇਵੇ,
ਕਿਸੇ ਈਮਾਨ ਦੇ ਵਰਗਾ ਵਕਾਰ ਦੇ ਮੈਨੂੰ। –2

ਤਤਕਰਾ

## ਨੱਚਣ

ਨੱਚਣ ਵਾਲਾ ਤੇ ਬਹੁਤ ਕਮਜ਼ੋਰ ਹੁੰਦਾ,
ਤਾਕਤਵਰ ਹੈ, ਉਹਨੂੰ ਨਚਾਏ ਜਿਹੜਾ।

ਗਾਵੇ, ਨੱਚੇ ਜੋ ਦਿਲੋਂ ਖ਼ੁਸ਼ਹਾਲ ਹੋਵੇ,
ਹੈ ਪਰ ਨਕਲੀ, ਨਕਲ ਲਗਾਏ ਜਿਹੜਾ।

ਨਾਲ ਲਗਨ ਦੇ ਨੱਚੇ ਤਾਂ ਕਲਾ ਹੋਵੇ,
ਰਸਮਾਂ, ਦੌਲਤਾਂ, ਸ਼ੁਹਰਤਾਂ ਨਾ ਦੇਖੇ,

ਕਲਾਕਾਰ ਉਹ ਕਦੇ ਨਹੀਂ ਹੋ ਸਕਦਾ,
ਪ੍ਰੀਤਮ! ਏਸ ਨੂੰ ਪੇਸ਼ਾ ਬਣਾਏ ਜਿਹੜਾ।

## ਅਹਿਸਾਸ

ਕਿਉਂ ਕਰਾਂ ਮੈਂ ਚਿੰਤਾ ਜਗਦੀ ਜੋਤ ਦੀ?
ਕਿਉਂ ਕਰਾਂ ਮੈਂ ਚਿੰਤਾ ਵਗਦੀ ਪੌਣ ਦੀ?
ਕਿਉਂ ਕਰਾਂ ਮੈਂ ਚਿੰਤਾ ਚੜ੍ਹਦੇ ਨੀਰ ਦੀ?
ਕਿਉਂ ਕਰਾਂ ਮੈਂ ਚਿੰਤਾ ਮਰਨੀ ਸੋਚ ਦੀ?
ਇਹ ਤਾਂ ਸਭ ਦੁਨਿਆਵੀ ਚੀਜ਼ਾਂ ਹੁੰਦੀਆਂ,
ਕੁਦਰਤ ਜਾਣੇ! ਕੀ, ਕਿੱਥੇ, ਕਦ ਰੱਖਣਾ!

ਮਨ ਦੀ, ਰੂਹ ਦੀ, ਦਿਲ ਦੀ ਫੈਲੀ ਰੌਸ਼ਨੀ,
ਜਦੋਂ ਇਹ ਦੇਖਾਂਗਾ ਕਿ ਹੁਣ ਇਹ ਹੈ ਨਹੀਂ,
ਮੇਰੀ 'ਮੈਂ' ਦਾ ਚੱਕਰ ਜਦ ਮਿਟ ਜਾਏਗਾ,
ਤਦ ਕੋਈ ਅਹਿਸਾਸ ਨਹੀਂ ਰਹਿ ਜਾਏਗਾ।

ਇਹ ਅਹਿਸਾਸ ਹੀ ਦੱਸੇ, ਜੋਤੀ ਜਗ ਰਹੀ।
ਇਹ ਅਹਿਸਾਸ ਹੀ ਦੱਸੇ, ਨ੍ਹੇਰੀ ਆ ਰਹੀ।
ਇਹ ਅਹਿਸਾਸ ਹੀ ਦੱਸੇ, ਪਾਣੀ ਵਗ ਰਿਹਾ।
ਇਹ ਅਹਿਸਾਸ ਹੀ ਦੱਸੇ, ਸੋਚ ਸਤਾ ਰਹੀ।
ਇਹ ਅਹਿਸਾਸ ਹੀ ਦੱਸੇ, ਕਿ ਫੁੱਲ ਮਹਿਕਦੇ,
ਇਹ ਅਹਿਸਾਸ ਹੀ ਦੱਸੇ, ਕਿਸ ਥਾਂ ਪੀੜ ਹੈ।

ਤਤਕਰਾ

ਇਸ ਅਹਿਸਾਸ ਬਿਨਾ, ਪੂਰਨ-ਅਨੰਦ ਹੈ,
ਮੇਰੀ ਮੈਂ ਦਾ ਚੱਕਰ ਜਦ ਮਿਟ ਜਾਏਗਾ,
ਤਦ ਕੋਈ ਅਹਿਸਾਸ ਨਹੀਂ ਰਹਿ ਜਾਏਗਾ।

## ਕਤਾਅ

ਧਰਤੀ ਦੇ ਵਿਚ ਗੁਲਸ਼ਨ ਛੁਪਿਆ, ਅੰਬਰ ਦੇ ਵਿਚ ਤਾਰਾ,
ਕਤਰੇ ਦੇ ਵਿਚ ਮੋਤੀ ਛੁਪਿਆ, ਅੱਖ ਵਿਚ ਹੰਝੂ ਖਾਰਾ,
ਮੁਸਕਾਹਟ ਵਿਚ ਖ਼ੁਸ਼ੀ ਛੁਪੀ ਹੈ, ਗ਼ਮ ਵਿਚ ਦੁੱਖੜਾ ਭਾਰਾ,
ਜੋ ਦਿਲ ਪ੍ਰੇਮ-ਰੋਗ ਲਾ ਬੈਠਾ, ਉਸ ਵਿਚ ਪ੍ਰੀਤਮ ਪਿਆਰਾ।

## ਆ! ਇਕੱਠੇ ਸਫ਼ਰ ਕਰੀਏ ਕੁਝ ਪਲਾਂ ਦੇ ਵਾਸਤੇ।

ਪੰਧ ਹੋ ਜਾਵੇ ਸੁਹਾਵਾ ਦੋਸਤਾਂ ਦੇ ਵਾਸਤੇ,
ਆ! ਇਕੱਠੇ ਸਫ਼ਰ ਕਰੀਏ ਕੁਝ ਪਲਾਂ ਦੇ ਵਾਸਤੇ।
ਆ ਗਏ ਖ਼ੁਸ਼ੀਆਂ ਭਰੇ ਦਿਨ ਵਧਣ ਵਾਲੀ ਵੇਲ ਦੇ।
ਕੱਲ੍ਹ ਦੇ ਅਰਮਾਨ ਹੀ ਅੱਜ ਗੋਦ ਅੰਦਰ ਖੇਲ੍ਹਦੇ।
ਇਕ ਤੇ ਇਕ ਮਿਲ ਕੇ ਦੇਖੋ, ਤਿੰਨ ਜਾਂ ਤਿੰਨ ਤੋਂ ਵੱਧ ਬਣੇ,
ਕਿੰਨੇ ਹਨ ਬੇਅੰਤ ਜੀਵਨ, ਦੋ ਜੀਆਂ ਦੇ ਮੇਲ ਦੇ।

ਐਟਮ ਦੇ ਪ੍ਰੋਟੋਨ ਦੇ ਅੰਦਰ ਕੁਆਰਕ ਹੈ ਮਹੀਨ,
ਉਸ ਵਿਚੋਂ ਆਕਾਸ਼ ਨਿੱਕਲੇ, ਓਸ ਦੇ ਵਿਚੋਂ ਜ਼ਮੀਨ,
ਪਰ ਕੁਆਰਕ ਕਿੱਥੋਂ ਆਵੇ? ਕੀ ਉਹਦਾ ਪਰਿਵਾਰ ਵੀ?
ਜਾਂ ਕੋਈ ਕੁਝ ਹੋਰ ਹੈ, ਬਿਲਕੁਲ ਹੀ ਵੱਖਰਾ ਤੇ ਨਵੀਨ।

ਆ! ਇਕੱਠੇ ਸਫ਼ਰ ਕਰੀਏ ਕੁਝ ਪਲਾਂ ਦੇ ਵਾਸਤੇ।

ਤਤਕਰਾ

ਬ੍ਰਹਿਮੰਡ ਵਿਚ ਬਿੰਦੀ ਵਰਗੀ ਹੈ ਅਸਾਡੀ ਕਹਿਕਸ਼ਾਂ,
ਕਹਿਕਸ਼ਾਂ ਵਿਚ ਬਿੰਦੀ ਤੋਂ ਵੀ ਛੋਟਾ ਧਰਤੀ ਦਾ ਨਿਸ਼ਾਂ।
ਧਰਤੀ ਉੱਤੇ ਮੇਰੀ ਹਸਤੀ, ਜੂੰ ਬਰਾਬਰ ਵੀ ਨਹੀਂ,
ਫੇਰ ਵੀ ਮੈਂ ਕਹਿ ਰਿਹਾ ਹਾਂ, "ਮੈਂ ਹੀ ਚੁੱਕਿਆ ਆਸਮਾਂ"।

ਜਨਮ ਤੋਂ ਲੈ ਕੇ ਮਰਨ ਹੀ ਜੀਵ ਦਾ ਹਾਸਲ ਰਿਹਾ,
ਇਕ ਤਰਫ਼ਾ ਹੀ ਹੈ ਇਹ ਰਸਤਾ ਅਸਾਂ ਦੇ ਵਾਸਤੇ।
ਐ ਪ੍ਰੀਤਮ! ਉਹ, ਜੋ ਚੁੱਕ ਲੈ ਜਾਵੇ ਵੱਲ ਆਕਾਸ਼ ਦੇ,
ਹੋ ਸਕੇ ਤਾਂ ਉਹ ਹਵਾ ਬਣੀਏਂ ਪਰਾਂ ਦੇ ਵਾਸਤੇ।

ਆ! ਇਕੱਠੇ ਸਫ਼ਰ ਕਰੀਏ ਕੁਝ ਪਲਾਂ ਦੇ ਵਾਸਤੇ।

ਜਾ ਰਹੇ ਨੇ ਆਪਣੇ, ਆਪਣੇ ਘਰਾਂ ਨੂੰ ਛੱਡ ਕੇ,
ਜੱਦ ਦੀ ਮਿੱਟੀ ਦੇ ਮਿੱਠੇ ਰਿਸ਼ਤਿਆਂ ਨੂੰ ਛੱਡ ਕੇ।
ਏਸ ਫ਼ਾਨੀ ਜ਼ਿੰਦਗੀ ਦੀ ਜੜ੍ਹ ਹਮੇਸ਼ਾ ਰਹਿ ਸਕੇ,
ਰੁੱਖ ਤੁਰਦੇ ਨੇ ਘਰਾਂ 'ਚੋਂ, ਟਾਹਣੀਆਂ ਨੂੰ ਛੱਡ ਕੇ।

ਮੈਨੂੰ ਅਕਸਰ ਹੀ ਉਨ੍ਹਾਂ ਦੇ ਅਕਸ ਦਾ ਝੌਲ਼ਾ ਪਿਆ,
ਹਮਸਫ਼ਰ ਜੋ ਤੁਰ ਗਏ ਨੇ, ਚਿਹਰਿਆਂ ਨੂੰ ਛੱਡ ਕੇ।
ਮ੍ਰਿਗ-ਤ੍ਰਿਸ਼ਨਾ ਵੀ ਹੈ ਦਿਸਦਾ, ਪਿਆਸ ਮੇਰੀ ਨੂੰ ਤਲਾ।
ਹੋਰ ਕੁਝ ਚੇਤੇ ਨਹੀਂ ਹੈ, ਪਾਣੀਆਂ ਨੂੰ ਛੱਡ ਕੇ।

ਆ! ਇਕੱਠੇ ਸਫ਼ਰ ਕਰੀਏ ਕੁਝ ਪਲਾਂ ਦੇ ਵਾਸਤੇ।

ਲਗਨ ਮਿਹਨਤ ਸਿਰੜ ਤੇ ਵਿਸ਼ਵਾਸ ਦੇ ਔਜ਼ਾਰ ਲੈ,
ਪੈਦਾ ਕਰੀਏ ਨਿਅਮਤਾਂ, ਆਪਣੇ ਘਰਾਂ ਦੇ ਵਾਸਤੇ।

ਠਾਕਰਦੁਆਰੇ ਮ੍ਰਿਗਤ੍ਰਿਸ਼ਨਾ ਵਾਂਗ ਰਬ ਦਿਸਦਾ ਰਿਹਾ,
ਪਰ ਉਹ ਓਥੇ ਹੈ ਨਹੀਂ ਸੀ, ਖੋਜੀਆਂ ਦੇ ਵਾਸਤੇ।

ਸੱਚ ਮਹਿੰਗਾ ਹੈ ਮਗਰ ਹਰ ਦੌਰ ਨੂੰ ਮਿਲਦਾ ਤਾਂ ਹੈ,
ਹੇਠੀਆਂ, ਪਾਬੰਦੀਆਂ, ਉੱਠਦੇ ਸਿਰਾਂ ਦੇ ਵਾਸਤੇ।

ਆ! ਇਕੱਠੇ ਸਫ਼ਰ ਕਰੀਏ ਕੁਝ ਪਲਾਂ ਦੇ ਵਾਸਤੇ।

ਜਾਣਦਾ ਹਾਂ ਕਿ ਥੋੜ੍ਹ-ਚਿਰੀ ਹੈ, ਫਿਰ ਵੀ,
ਫ਼ਿਜ਼ਾ 'ਚ ਖ਼ੁਸ਼ਬੋ ਦੇ ਵਾਂਗੂੰ ਖਿਲਾਰ ਦੇ ਮੈਨੂੰ।

ਤਤਕਰਾ

ਜੇ ਜਾਨ ਮੰਗਾਂ ਤਾਂ ਕੋਈ ਜਾਨ ਵੀ ਦੇਵੇ,
ਕਿਸੇ ਈਮਾਨ ਦੇ ਵਰਗਾ ਵਕਾਰ ਦੇ ਮੈਨੂੰ।

ਜੇ ਕੋਈ ਮਜਬੂਰ, ਛੱਡ ਕੇ ਤੁਰ ਗਿਆ,
ਮੇਰੇ ਹੋਠਾਂ ‘ਤੇ ਨਹੀਂ ਸ਼ਿਕਵਾ ਰਿਹਾ।
ਜਾਹ! ਤੈਨੂੰ ਬਿਰਹਾ ਦੇ ਕੀੜੇ ਪੈਣ ਵੇ!
ਨਾ ਵੈਰੀ ਨਾ ਯਾਰੜੇ ਨੂੰ ਇਹ ਕਿਹਾ।

ਆ! ਇਕੱਠੇ ਸਫ਼ਰ ਕਰੀਏ ਕੁਝ ਪਲਾਂ ਦੇ ਵਾਸਤੇ।

ਹਰ ਵਜਹ ਦੀ ਵਜਹ ਨੂੰ ਵੀ ਖੋਜਿਆ,
‘ਲੋਕ-ਵਿਸ਼ਵਾਸਾਂ’ ਦੀ ਗੱਲ ਕੀਤੀ ਨਹੀਂ।
ਭੇਦ ਲੱਭਣ, ਨ੍ਹੇਰਿਆਂ ਵੱਲ ਤੁਰ ਪਿਆ,
‘ਅੰਧ-ਵਿਸ਼ਵਾਸਾਂ’ ਦੀ ਗੱਲ ਕੀਤੀ ਨਹੀਂ।

ਚਹੁੰਦੇ ਓ ਜੇਕਰ, ਆਪਣੇ ਆਪੇ ਨੂੰ ਜਾਣਨਾ,
ਤਾਂ ਫਿਰ ਆਪਣਾ ਚੌਗਿਰਦਾ ਪਹਿਚਾਣਨਾ।
‘ਉਮੀਦ’ ਵੀ ਚੰਗੀ ਹੈ, ਪ੍ਰੀਤਮ! ਜੀਣ ਲਈ,
ਪਰ ਏਸ ਤੋਂ ਵੀ ਵੱਧ, ਸਚਾਈ ਪਛਾਣਨਾ।

ਆ! ਇਕੱਠੇ ਸਫ਼ਰ ਕਰੀਏ ਕੁਝ ਪਲਾਂ ਦੇ ਵਾਸਤੇ।

ਛੱਡ ਕੇ ‘ਆਵਾਗਵਣ’ ਦਾ ਆਪਣੇ ਮਨੋਂ ਖ਼ਿਆਲ,
ਸੱਚ ਜਾਣਨ ਤੇ ਸਹਿਣ ਦਾ ਕੋਈ ਤਰੀਕਾ ਭਾਲ।
ਪ੍ਰੀਤਮ! ਸੂਝ ਅਸਾਡੜੀ, ਏਹੋ ਰਹੀ ਸਿਖਾਲ਼,
“ਜਿਉ ਬਨ ਫਲ ਪਾਕੇ ਭੁਇ ਗਿਰਿਹ, ਬਹੁਰਿ ਨ ਲਾਗਿਹ ਡਾਲ਼”।

ਜਦ ਜੀਵੇਂ ਤਾਂ ਇੰਜ ਜੀਅ ਕਿ ਸਭ ਕੁਝ ਤੇਰੇ ਪਾਸ,
ਮਰਨਾ ਹੈ ਤਾਂ ਇੰਜ ਮਰ, ਨਾ ਇੱਛਾ, ਨਾ ਆਸ,
ਭਾਵੇਂ ਸੂਰਜ ਬਣਨ ਦਾ, ਨਿੱਤ ਕਰੀਂ ਪ੍ਰਯਾਸ,
ਪਰ ਨ੍ਹੇਰੇ ਵਿਚ ਰਹਿਣ ਦਾ ਕਰਿਆਂ ਕਰ ਅਭਿਆਸ।

ਆ! ਇਕੱਠੇ ਸਫ਼ਰ ਕਰੀਏ ਕੁਝ ਪਲਾਂ ਦੇ ਵਾਸਤੇ।

ਸਾਨੂੰ ਹੁਣ ਤਕ ਦੱਸਿਆ ਜਾਂਦਾ, ‘ਦੁਨੀਆਂ ਛਲ ਹੈ’, ਇਹਨੂੰ ਤਿਆਗੋ ।
‘ਜੀਵਨ ਪਿੱਛੋਂ ਕਿੱਥੇ ਜਾਣਾ’, ਇਹ ਪਤਾ ਕਰਨ ਲਈ ‘ਜਾਗੋ’।

ਤਤਕਰਾ

ਏਸ ਤਰ੍ਹਾਂ ਦੀ ਸੋਚ ਦਾ ਜੇਕਰ, ਸਾਡੇ ਮਨ ’ਤੇ ਭਾਰ ਰਹੇਗਾ,
‘ਸਤਿ-ਚਿੱਤ-ਅਨੰਦ’ ਭਾਲਦਾ ਸਦਾ ਦੁਖੀ ਸੰਸਾਰ ਰਹੇਗਾ।

ਨਹੀਂ, ਇਹ ਦੁਨੀਆਂ ਨਹੀਂ ਛਲਾਵਾ, ਦੁਨੀਆਂ ਸੱਚ ਹੈ, ਏਨਾ ਜਾਣੋ।
ਮੌਤ ਸੱਚ, ਜੀਵਨ ਵੀ ਸੱਚ ਹੈ, ਏਸ ਲਈ ਦੋਹਾਂ ਨੂੰ ਮਾਣੋ।

ਆ! ਇਕੱਠੇ ਸਫ਼ਰ ਕਰੀਏ ਕੁਝ ਪਲਾਂ ਦੇ ਵਾਸਤੇ।

ਕਹਿਣ ਲੱਗੀ ਕਿ, “ਆਪਣੀ ਥਾਂ ‘ਤੇ, ਤੂੰ ਵੀ ਠੀਕ ਤੇ ਉਹ ਵੀ ਸੱਚਾ,
ਸੁੰਦਰਤਾ ਦਾ ਅਸਲ ਟਿਕਾਣਾ, ਦੇਖਣ ਵਾਲੀ ਅੱਖ ਹੈ ਬੱਚਾ”।

ਤੂੰ ਤਾਂ ਆਖੇਂ, “ ਕੰਡੇ ਕਿਉਂ ਨੇ? ਏਥੇ ਜਿੱਥੇ ਫੁੱਲ ਖਿਲੇ ਨੇ”।
ਪਰ ਇਹ ਵੀ ਤਾਂ ਸੋਚ ਕਿ ਏਥੇ ਕੰਡਿਆਂ ਨੂੰ ਵੀ ਫੁੱਲ ਮਿਲੇ ਨੇ।

ਜੀਵਨ ਸੌਖਾ ਕਰਨ ਦੇ ਲਈ, ਚੇਤਨਾ ਵਿਚ ਸਬੱਬ ਬਣੇ ਨੇ,
ਇਸ ਦਾ ਸਾਥ ਜੋ ਲੈ ਕੇ ਚੱਲੇ, ਰੱਬ ਲੱਭਿਆ ਨਹੀਂ, ਰੱਬ ਬਣੇ ਨੇ।
ਜਦ ਸਾਡਾ, ਸਾਡੀ ਆਪਣੀ ਹੀ ਸੀਮਾ ਦਾ ਡਰ ਮਿਟ ਜਾਵੇਗਾ,
ਤਾਂ ਉਸ ਵੇਲੇ, ਹਰ ਇਕ ਜ਼ੱਰਾ, ਸਾਨੂੰ ਸੁੰਦਰ ਨਜ਼ਰ ਆਵੇਗਾ।

ਆ! ਇਕੱਠੇ ਸਫ਼ਰ ਕਰੀਏ ਕੁਝ ਪਲਾਂ ਦੇ ਵਾਸਤੇ।

ਤਤਕਰਾ

## ਮਰਯਾਦਾ

ਪੂਰਨਿਆਂ 'ਤੇ ਚੱਲਣਾ ਹੀ ਜੇ ਤੇਰਾ ਵਿਸ਼ਵਾਸ ਹੈ,
ਤਾਂ ਇਹ ਦੱਸ! ਕਿ ਆਦਮੀ ਕਿੰਜ ਚੰਦ ਉੱਤੇ ਪਹੁੰਚਦਾ! _ ਪ੍ਰੀਤਮ ਧੰਜਲ

## ਕੁਲੰਬਸ

ਕੁਲੰਬਸ ਦੀ ਇੱਛਾ ਦਾ ਮੁੱਲ ਤਾਰਿਆ ਸੀ,
ਉਨ੍ਹਾਂ ਨੇ, ਜਿਨ੍ਹਾਂ ਨੇ ਸੀ ਚੱਪੂ ਚਲਾਏ।
ਨਵੇਂ ਦ੍ਵੀਪ ਆਓ! ਉਨ੍ਹਾਂ ਦੇ ਨਾਮ ਲਿਖੀਏ,
ਜਿਨ੍ਹਾਂ ਨੇ ਸੀ ਉਹ ਦਰਦ ਪਿੰਡੇ ਹੰਢਾਏ।

ਅਮੀਰਾਂ ਦਾ ਲਾਲਚ, ਧਰਮ ਦੀ ਸਿਆਸਤ,
ਆਪਣੀ ਹੁਕਮਰਾਨੀ ਲੈ ਕੇ ਸੀ ਤੁਰਿਆ।
ਇਸ ਦੀ ਨਹੀਂ ਉਸ ਨੇ ਪਰਵਾ ਸੀ ਕੀਤੀ,
ਕਿ ਉਸਦੇ ਨਿਸ਼ਾਨੇ 'ਤੇ ਕਿਹੜਾ ਹੈ ਮਰਿਆ।

"ਜ਼ਮੀਨਾਂ ਵਧਾਓ, ਧਰਮ ਦਾ ਫ਼ੈਲਾਓ"
ਇਹ ਕਹਿ ਆਦਿ-ਵਾਸੀ ਸੀ ਮਾਰੇ ਮੁਕਾਏ।
ਕੁਲੰਬਸ ਦੀ ਇੱਛਾ ਦਾ ਮੁੱਲ ਤਾਰਿਆ ਸੀ,
ਉਨ੍ਹਾਂ ਨੇ, ਜਿਨ੍ਹਾਂ ਨੇ ਸੀ ਖੰਡੇ ਚਲਾਏ।

ਤਤਕਰਾ

## ਰਾਮ ਕਹਾਣੀ

ਰਾਮ ਕਹਾਣੀ ਗਾ ਲੈਂਦੇ ਓ! ਓਸੇ ਯੁਗ ਵਿਚ ਜਾ ਲੈਂਦੇ ਓ।

ਭੈਣ ਕਿਸੇ ਦੀ (1) ਪਿਆਰ ਮੰਗੇ ਪਰ ਜੇ ਕੋਈ ਨੱਕ ਓਸ ਦਾ ਵੱਢੇ,
'ਰਾਵਣ' ਵਰਗਾ ਭਰਾ ਜੇ ਆ ਕੇ, ਉਸ ਤੌਹੀਨ ਦਾ ਬਦਲਾ ਕੱਢੇ।
ਉਸ ਦਾ ਹੱਕ ਹੱਕ ਨਾ ਸਮਝੋ, ਰੱਖੜੀ ਆਪ ਮਨਾ ਲੈਂਦੇ ਓ।

ਵਾਹ ਓ ਭਗਤ-ਜਨੋਂ! ਸ਼ਰਧਾ ਹਿਤ, ਕੀ ਕਿਸੇ ਦੀ ਕੀਮਤ ਪਾਈ!
'ਬਾਨਰ'(2) ਤੋਂ ਬਾਂਦਰ ਕਰ ਦਿੱਤਾ, ਨਾਲੇ ਉਸ ਨੂੰ ਪੂਛ ਲਗਾਈ।
ਕਿਸੇ ਦੇ ਖ਼ੂਨ ਪਸੀਨੇ ਬਦਲੇ, ਚੰਗਾ ਇਵਜ਼ ਚੁਕਾ ਲੈਂਦੇ ਓ!

ਰਾਵਣ, ਰਾਮ ਤੋਂ ਘੱਟ ਕਿਵੇਂ ਸੀ! ਜੇ ਸੀਤਾ ਦੀ ਪੱਤ ਨਾ ਲੁੱਟੀ।
ਬੇ-ਦੋਸ਼ੇ ਨੂੰ ਦੋਸ਼ ਦੇਣ ਨੂੰ, ਕਿਉਂ ਭਾਰਤ ਦੀ ਜੰਤਾ ਜੁੱਟੀ!
ਬਿਨ ਸੋਚੇ, ਬਿਨ ਸਮਝੇ ਹੀ ਤਾਂ, ਉਸ ਨੂੰ ਸਜ਼ਾ ਸੁਣਾ ਲੈਂਦੇ ਓ।

ਸ਼ੱਕੀ ਹੋਣਾ ਹੈ ਕੁਦਰਤੀ, ਨਾ ਬਚਦਾ ਕੋਈ ਪੀਰ-ਪੈਗ਼ੰਬਰ।
ਮਾਂ ਭੈਣ ਤਾਂ ਸੋਨਾ ਹੁੰਦੀਆਂ, ਕਿਉਂ ਪਤਨੀ ਨਾ ਹੋਏ ਬਰਾਬਰ।
ਆਪਣਾ ਮਾਣ ਬਚਾਵਣ ਬਦਲੇ, ਨਾਮ ਕਿਸੇ ਦਾ ਲਾ ਲੈਂਦੇ ਓ।

ਗਲੀ ਗਲੀ ਜੋ ਰੋਵੇ ਸੀਤਾ, ਜਾਨੀ-ਦੁਸ਼ਮਣ ਭਰਾ ਨਾ ਦਿਸਦੇ!
ਸੰਬੰਧਾਂ ਤੋਂ ਜ਼ਖ਼ਮੀ ਹੋਏ, ਪ੍ਰੀਤਮ! ਆਪਣੇ ਜ਼ਰਾ ਨਾ ਦਿਸਦੇ!
ਆਪਣੀ ਪੀੜ੍ਹੀ ਹੇਠ ਫਿਰੇ ਜੋ, ਸੋਟਾ ਜਦੋਂ ਗਵਾ ਲੈਂਦੇ ਓ।

---

1 ਸਰੂਪ ਨਖ਼ਾ (ਰੇਸ਼ਮ ਵਰਗੀ ਸੁੰਦਰ)
2 ਬਨਵਰ, ਬਨ-ਵਾਸੀ (ਹਨੁਮਾਨ = ਰਾਜਾ ਸੁਗ੍ਰੀਵ ਦਾ ਮੰਤਰੀ, ਇਕ ਯੋਧਾ
ਅਤੇ ਸੰਸਕ੍ਰਿਤ ਦਾ ਵਿਦਵਾਨ ਜਿਸ ਨੇ 'ਹਨੁਮਾਨ ਨਾਟਕ' ਰਚਿਆ।)

Forgiveness is a virtue of the weak, and an ornament of the strong.

From The Mahabharata
Udyoga Parva Section XXXIII
Translated by Sri Kisari Mohan Ganguli

ਤਤਕਰਾ

# ਮਿੱਟੀ ਦੀ ਬੁੱਕਲ **

ਮੈਂ ਮਿੱਟੀ ਦੀ ਬੁੱਕਲ ਵਿਚ ਹਾਂ, ਮੈਂ ਕੀ ਹਾਂ! ਨਾ ਜਾਣਾ।
ਮੈਂ ਮਸਨੂਈ, ਪਰ ਨਾ ਜਾਣਾ, ਨਾ ਆਪਾ ਪਹਿਚਾਣਾ।

ਇਸ ਬੁੱਕਲ ਦਾ ਨਾਮ ਤਾਂ ਹੈ ਵੇ, ਮੇਰਾ ਨਾਮ ਨਾ ਕੋਈ,
ਨਾਮ-ਕਰਣ ਦੇ ਲਈ ਹੀ ਤਾਂ ਹੈ, ਇਹ ਜੰਮੀਂ ਇਹ ਮੋਈ।

ਇਸ ਬੁੱਕਲ ਨੂੰ, ਮੈਂ ਮਨ-ਚਾਹੇ, ਹਰ ਇਕ ਰੰਗ 'ਚ ਰੰਗਾਂ,
ਤੱਤੀ ਵਾਅ ਨਾ ਲੱਗੇ ਇਸ ਨੂੰ, ਇਸ ਦੀਆਂ ਖ਼ੈਰਾਂ ਮੰਗਾਂ।

ਇਸ ਬੁੱਕਲ ਦੀ ਕਦਰ ਕਰੇਂਦੇ, ਲਾਭ ਉਠਾਵਣ ਵਾਲੇ,
ਕਿਸੇ ਦੀ ਬੁੱਕਲ ਖੋਹ ਹੀ ਲੈਂਦੇ, ਜ਼ੁਲਮ ਕਮਾਵਣ ਵਾਲੇ।

ਇਸ ਬੁਕਲ ਦਾ ਅਰਜ਼ ਬੜਾ ਹੈ, ਦੁਨੀਆਂ ਨੂੰ ਕੱਜ ਸਕਦੀ।
ਪਰ ਅਪਣੱਤ ਦੀ ਕੈਦ 'ਚ ਬੱਝੀ ਕੁਝ ਵੀ ਨਾ ਕਰ ਸਕਦੀ।

ਰੰਗ ਵੀ ਵੱਖਰਾ ਢੰਗ ਵੀ ਵੱਖਰਾ, ਹਰ ਬੁੱਕਲ ਨੇ ਪਾਇਆ,
ਕਿਸੇ ਨੇ ਅੰਦਰ ਚੋਰ ਛੁਪਾਇਆ, ਕਿਸੇ ਨੇ ਸਾਧ ਛੁਪਾਇਆ।

ਫੀਤਾ ਫੀਤਾ ਹੋਣ ਤਕ ਵੀ, ਜੋ ਈਮਾਨ ਕਮਾਵੇ,
ਜੋ ਨੰਗ ਕੱਜੇ, ਸੁਥਰੀ ਹੋਵੇ, ਮਾਣ ਜਹਾਨ 'ਚ ਪਾਵੇ।

ਹੱਸਦਿਆਂ ਨਾਲ ਜੋ ਬੈਠ ਕੇ ਹੱਸੇ, ਰੋਂਦਿਆਂ ਦੇ ਸੰਗ ਰੋਵੇ।
ਦੁਨੀਆਂ ਚਾਹਵੇ ਕਿ ਹਰ ਬੁੱਕਲ ਏਸ ਤਰ੍ਹਾਂ ਦੀ ਹੋਵੇ।

ਉਸ ਬੁੱਕਲ ਦਾ ਕਾਹਦਾ ਹੋਣਾ, ਕੀ ਓਸ ਦੀ ਢੋਈ,
ਜਿਸ ਦੇ ਪੱਲੇ ਹੋਏ ਨਾ ਬੱਝੀ ਹੰਝੂਆਂ ਦੀ ਖ਼ੁਸ਼ਬੋਈ।

ਬੁੱਕਲ ਵਾਲਾ ਜਦ ਨਾ ਹੋਵੇ, ਬੁੱਕਲ ਕੌਣ ਸੰਭਾਲੇ।
ਤਾਂ ਪ੍ਰੀਤਮ! ਹਰ ਸੰਗੀ ਸਾਥੀ, ਬੁੱਕਲ ਵਾਲਾ ਭਾਲੇ।

---

** ਮੈਂ = ਰੂਹ      ਮਿੱਟੀ ਦੀ ਬੁੱਕਲ = ਬਦਨ

ਤਤਕਰਾ

# ਦੀਵਾਰ-ਔ-ਦਰ

ਦੀਵਾਰ-ਔ-ਦਰ ਭੀ ਤੋ ਸ਼ਰੀਕ ਥੇ, ਕਲ ਕਤਲ-ਔ-ਗ਼ਾਰਤ ਮੇਂ,
ਅਭੀ ਤਕ ਇਨ ਕੇ ਬੂੜ੍ਹੇ ਦਾਮਨ ਪਿਹ ਭੀ ਖ਼ੂੰ ਕੇ ਧੱਬੇ ਹੈਂ।

ਦੀਵਾਰ-ਔ-ਦਰ ਕੀ ਆਦਤ ਹੈ, ਨਾ ਹੰਸਤੇ ਹੈਂ ਨਾ ਰੋਤੇ ਹੈਂ,
ਗੁਜ਼ਰਨੇ ਵਾਲੋਂ ਕੋ ਪ੍ਰੀਤਮ! ਅਮੂਮਨ ਭੂਲ ਜਾਤੇ ਹੈਂ।

ਦੀਵਾਰ-ਔ-ਦਰ ਹੀ ਥੇ ਜਿਨਹੋਂ ਨੇ ਮਿਲ ਕਰ ਘਰ ਬਨਾਇਆ ਥਾ,
ਹਮਾਰੇ ਬਾਪ-ਦਾਦੇ ਕੀ ਕਹਾਨੀ ਕਾ ਯਿਹ ਹਿੱਸਾ ਹੈਂ।

ਦੀਵਾਰ-ਔ-ਦਰ ਹੀ ਹੋਤੇ ਹੈਂ, ਫ਼ਨਾ ਹੋ ਕਰ ਭੀ ਜੋ ਪ੍ਰੀਤਮ!
ਹਮਾਰੀ ਗੁਜ਼ਰੀ ਸੱਭਿਅਤਾਓਂ ਕੋ ਸੁਰਜੀਤ (ਜ਼ਿੰਦਾ) ਰਖਤੇ ਹੈਂ।

ਦੀਵਾਰ-ਔ-ਦਰ ਮੇਂ ਬਸ ਦੀਵਾਰ ਕਾ ਹੋਨਾ ਜ਼ਰੂਰੀ ਹੈ,
ਦਰ ਹੋ ਹੀ ਨਹੀਂ ਸਕਤਾ, ਅਗਰ ਦੀਵਾਰ ਨਾ ਹੋ ਤੋ।

ਦੀਵਾਰ-ਔ-ਦਰ ਸਲਾਮਤ ਹੀ ਰਹੇਂ ਤੋ ਅੱਛਾ ਹੈ ਪ੍ਰੀਤਮ!
ਅਮਨ-ਔ-ਤਹਿਜ਼ੀਬ ਕੀ ਖ਼ਾਤਿਰ, ਯਿਹ ਹੋਨਾ ਜ਼ਰੂਰੀ ਹੈ।

ਦੀਵਾਰ-ਔ-ਦਰ ਨੇ ਦੇਖੀ ਹੈਂ, ਹਜ਼ਾਰੋਂ ਸੂਰਤੇਂ ਪ੍ਰੀਤਮ!
ਇਨ ਹੀ ਸੇ ਪੂਛ ਲੋ ਆ ਕਰ, ਕੋਈ ਉਨ ਸਾ ਹਸੀਂ ਦੇਖਾ!

ਤਤਕਰਾ

## ਇਕ ਪੜਾਅ

ਹੁਣ ਸ਼ੁਰੂ ਹੋਇਆ ਹੈ ਐਸਾ ਸਿਲਸਿਲਾ,
ਕਿਸ ਜਗਹ ਹਾਂ? ਕੌਣ ਹਾਂ, ਕੁਝ ਨਾ ਪਤਾ।

ਇਸ ਜਗਹ ਦਾ ਨਾਮ ਨੰਬਰ ਕੁਝ ਨਹੀਂ,
ਇਸ ਜਗਹ ਦਾ ਚੜ੍ਹਦਾ ਲਹਿੰਦਾ ਲਾ-ਪਤਾ।

ਏਸ ਥਾਂ ਨਾ ਕੋਝ ਹੈ ਨਾ ਸੁੰਦਰਤਾ,
ਨਾ ਕੋਈ ਬੇਗਾਨਾ ਤੇ ਨਾ ਦਿਲ-ਰੁਬਾ।

ਹੁਣ ਕਿਸੇ ਵੀ ਗੱਲ ਦਾ ਮਾਅਨਾ ਨਹੀਂ,
ਨਾ ਕੋਈ ਪ੍ਰੀਤਾਂ ਜਤਾਵੇ ਨਾ ਗਿਲਾ।

ਹਰ ਸ਼ੈਅ ਵਾਂਗੂੰ ਛੋਟਾ ਹੁੰਦਾ ਜਾ ਰਿਹਾ,
ਦਿਸਹੱਦੇ ਤੇ ਨਜ਼ਰ ਵਿਚਲਾ ਫ਼ਾਸਲਾ।

ਆਪਣੀ ਹੀ ਮਸਤੀ 'ਚ ਪ੍ਰੀਤਮ! ਦਿਲ ਮੇਰਾ,
ਹੁਣ ਨਹੀਂ ਇਹ ਦੂਸਰੇ ਨੂੰ ਭਾਲਦਾ।

## ਜਾਏ ਸੁੱਤੇ ਜੀਰਾਣ ... ...

'ਸੱਜਣ ਮੇਰੇ ਰੰਗਲੇ, ਜਾਏ ਸੁੱਤੇ ਜੀਰਾਣ'।
ਇਹ ਦਮਾਂ ਦੇ ਕਾਫ਼ਲੇ, ਕਿੱਥੇ ਪਹੁੰਚੇ ਆਣ।

ਟੁੱਟਣ, ਡਿੱਗਣ, ਢੈਣ ਦਾ ਆਇਆ ਇਕ ਤੂਫ਼ਾਨ,
ਇਸ ਜਰਵਾਣੇ ਸਾਹਮਣੇ, ਚੱਲੇ ਨਾ ਕੋਈ ਤਾਣ।

ਉਮਰਾਂ ਜੇਡੀ ਦੋਸਤੀ, ਉਮਰਾਂ ਜੇਡ ਸੰਬੰਧ,
ਇਕ ਘੜੀ ਵਿਚ ਤੋੜਿਆ, ਇਨ੍ਹਾਂ ਦਾ ਸਾਰਾ ਮਾਣ।

ਕਿਸ ਦੇ ਰਾਹ 'ਤੇ, ਕਿਸ ਜਗਹ, ਹੈ ਅਣਦਿਸਵੀਂ ਲੀਕ!
ਜੁਗਾਂ ਪੁਰਾਣੇ ਭੇਦ ਨੂੰ, ਕੋਈ ਨਾ ਸਕਿਆ ਜਾਣ।

ਤਤਕਰਾ

## ਲਾਚਾਰੀਆਂ ਦਾ ਡਰ

ਆਰ ਦਾ ਡਰ ਹੈ ਅਤੇ ਨਾ ਪਾਰ ਦਾ
ਡਰ ਹੈ ਜੇ ਕੋਈ ਤਾਂ ਹੈ ਵਿਚਕਾਰ ਦਾ।

ਦਰਦ ਜੇ ਵਧਿਆ ਤਾਂ ਜਿੰਦ ਸਹਿ ਜਾਏਗੀ,
ਹੋਵੇਗੀ ਬੇ-ਸੁੱਧ ਜੇ ਨਾ ਸਹਿ ਪਾਏਗੀ।
ਉਸ ਬੇਹੋਸ਼ੀ ਦੀ ਕੋਈ ਪਰਵਾ ਨਹੀਂ।
ਸੁਰਤ ਨਾ ਆਵੇ ਤਾਂ ਵੀ ਸ਼ਿਕਵਾ ਨਹੀਂ।

ਪਰ ਨਾ ਪੱਲੇ ਪੈ ਜਾਵਣ ਲਾਚਾਰੀਆਂ,
ਪੈਣ ਜੇ, ਤਾਂ ਹੋਵਣ ਬਹੁਤ ਖ਼ੁਆਰੀਆਂ।

ਆਪਣੇ ਚੱਲਦੇ ਹੱਥਾਂ ਪੈਰਾਂ ਨਾਲ ਹੀ,
ਇਸ ਸਫ਼ਰ ਨੂੰ ਪੂਰਾ ਕਰਨਾ ਚਾਹ ਰਿਹਾਂ,
ਸਵੈਮਾਨਤਾ ਨਾਲ ਹੀ ਹਾਂ ਜੀਵਿਆ,
ਸਵੈਮਾਨਤਾ ਨਾਲ ਮਰਨਾ ਚਾਹ ਰਿਹਾਂ।

## ਮੇਪਲ

ਮੇਪਲ ਉੱਤੇ ਪਤਝੜ ਵਿਚ ਵੀ, ਆਵੇ ਇੰਜ ਜਲਾਲ,
ਕੋਈ ਇਸ ਦੇ ਚਿਹਰੇ ਉੱਤੋਂ, ਪੜ੍ਹ ਨਾ ਸਕੇ ਮਲਾਲ।
ਸਰਦ ਦੇਸ਼ ਦੇ ਇਸ ਰੁੱਖ ਅੰਦਰ ਛੁਪੀ ਹੋਈ ਹੈ ਅੱਗ,
ਇਸ ਦੇ ਪੱਤੇ ਪੀਲਿਆਂ ਦੀ ਥਾਂ, ਤਾਂ ਹੀ ਹੁੰਦੇ ਲਾਲ।

ਤਤਕਰਾ

Harvinder Singh, 36, had reportedly blamed Mr Pawar for rising prices of essential commodities. "This is my answer to corrupt politicians," he said.

ਹਰਵਿੰਦਰ ਸਿੰਘ ਦੇ ਸ਼ਰਦ ਪਵਾਰ ਨੂੰ ਚਪੇੜ ਮਾਰਨ ਦਾ ਕਰਕੇ, ਮੁੰਬਈ ਅਤੇ ਪੂਨੇ ਵਿਚ ਸਿੱਖਾਂ ਦਾ ਮਾਲੀ ਨੁਕਸਾਨ ਕੀਤਾ ਗਿਆ। ਨਵੰਬਰ 24, 2011

# ਓ ਸਰਦਾਰ! ਹੋਸ਼ਿਆਰ।

ਗੋਰਿਆਂ ਵੇਲੇ, ਭਗਤ 'ਸਿੰਘ' ਨੇ ਜੇ ਸੀ ਬੰਬ ਚਲਾਇਆ,
ਓਸ 'ਬੇਗਾਨੇ' ਹਾਕਮ ਨੇ, ਹਰ ਸਿੱਖ ਨਾ ਮਾਰ ਮੁਕਾਇਆ।
'ਆਪਣੇ' ਹਾਕਮ ਨੇ ਅਕਲ ਨੂੰ ਰੱਖਿਆ ਜਿੰਦਰਾ ਮਾਰ।
ਓ ਸਰਦਾਰ! ਹੋਸ਼ਿਆਰ।

ਅਜੇ ਚੁਰਾਸੀ ਦੀ ਗੱਲ ਤਾਜ਼ਾ, ਦੋ ਸਿੱਖਾਂ ਦੇ ਬਦਲੇ,
ਮੈਂ ਜਿਊਂਦੇ-ਸਿੱਖ ਦੇਖੇ ਨੇ, ਟਾਇਰਾਂ ਦੇ ਵਿਚ ਬਲਦੇ।
ਇਕ ਕੌਮ ਤੇ ਇਕ ਬੰਦੇ ਵਿਚ ਅੰਤਰ ਦੀ ਨਾ ਸਾਰ,
ਓ ਸਰਦਾਰ! ਹੋਸ਼ਿਆਰ।

ਉਹ ਸਮਝਦੇ, ਘੁਟਾਲੇ ਜੇ ਹਨ ਤਾਂ ਬਸ ਤੇਰੇ ਲਈ,
ਤੇਰੀ ਕੌਮੀ-ਆਵਾਜ਼ ਦਾ ਮਤਲਬ ਫਿਰ ਨਿਕਲੇ ਕੀ!
ਤੇਰੇ ਨਾਲ ਖੜੇ ਹੋਵਣ ਦੀ ਥਾਂ ਉਹ ਖਾਂਦੇ ਖਾਰ।
ਓ ਸਰਦਾਰ! ਹੋਸ਼ਿਆਰ।

ਦੇਖਿਆ! ਤੇਰੇ ਇਕ ਥੱਪੜ ਦੀ, ਸਜ਼ਾ ਕਈਆਂ ਨੇ ਪਾਈ!
ਨਾਲੇ ਆਪਣਾ ਮਾਲ ਗਵਾਇਆ ਨਾਲੇ ਪੱਤ ਗਵਾਈ।
ਕ੍ਰਿਤਘਣਾ ਦੇ ਲਈ ਓ ਪ੍ਰੀਤਮ! ਇੰਜ ਨਾ ਜਿੰਦਾਂ ਵਾਰ।
ਓ ਸਰਦਾਰ! ਹੋਸ਼ਿਆਰ।

ਲੋਕੀ ਉਸ ਦਾ ਹੀ ਲੱਕ ਤੋੜਨ, ਜਿਸ ਦੀ ਚੜ੍ਹਨ ਘਨੇੜੀ,
ਜਿਹੜੇ ਵੀ ਰੱਬ ਨੂੰ ਇਹ ਪੂਜਣ, ਉਸ ਦੀ ਡੋਬਣ ਬੇੜੀ।
ਓ ਰੱਖਿਅਕ! ਅੰਨਦਾਤੇ! ਤੇਰੀ ਕੁਰਬਾਨੀ ਬੇਕਾਰ।
ਓ ਸਰਦਾਰ! ਹੋਸ਼ਿਆਰ।

ਗੀਤਾ, ਗ੍ਰੰਥ, ਕੁਰਾਨ ਦੇ ਪੋਥੇ, ਜਿੱਥੇ ਕੰਮ ਨਾ ਆਏ,
ਲੋਕ-ਪਾਲ ਦੇ ਚਹੁੰ ਸਫ਼ਿਆਂ 'ਤੇ ਕੀ ਕੋਈ ਆਸ ਲਗਾਏ!
'ਅੰਨਾ-ਹਜ਼ਾਰੇ' ਤਾਂ ਹੀ ਕਹਿੰਦਾ, "ਹੋਰ ਤਾਂ ਦਿੰਦਾ ਮਾਰ!"
ਓ ਸਰਦਾਰ! ਹੋਸ਼ਿਆਰ।

ਤਤਕਰਾ

# ਪੰਜਾਬ ਦੀ ਧਰਤੀ

ਮੇਰੇ ਦੇਸ਼ ਦੀ ਧਰਤੀ ਆਪਣੀ ਹੈ,
ਮੇਰੇ ਦੇਸ਼ ਦਾ ਨਾਮ, ਬੇਗ਼ਾਨਾ ਹੈ।
ਇਸ ਦੀ ਆਜ਼ਾਦੀ ਵਕਤੀ ਹੈ,
ਪੁਰ-ਖ਼ੌਫ਼ ਇਹਦਾ ਅਫ਼ਸਾਨਾ ਹੈ।

'ਪੰਜ' ਪਾਂਚ ਤਾਂ ਦੇਸੀ ਹੈ ਇਸ ਦਾ,
ਪਰ 'ਆਬ' ਵਿਦੇਸ਼ੀ ਹੈ, ਪ੍ਰੀਤਮ!
ਬੇਗਾਨਾ ਹੋ ਕੇ ਆਪਣਾ ਇਹ,
ਸਾਡਾ ਅਣਮੋਲ ਖ਼ਜ਼ਾਨਾ ਹੈ।

ਜੋ ਹੋਣਹਾਰ ਹੋਇਆ ਇਸਦਾ,
ਉਹ ਟਿਕ ਕੇ ਘਰ ਨਾ ਬਹਿ ਸਕਿਆ,
ਇਸ ਤੋਂ ਲੁੱਟੀ ਹੋਈ ਦੌਲਤ ਦਾ,
ਇਹ ਭਰਿਆ ਪਿਆ ਜ਼ਮਾਨਾ ਹੈ।

ਤਤਕਰਾ

# ਯਾਦਾਂ ਦੀ ਖਿੜਕੀ

ਇੱਕ ਮੇਰਾ 'ਆਪਣਾ' ਜਦ ਗੁਜ਼ਰਿਆ,
ਮੈਂ ਸਮੇਂ ਨੂੰ ਰੋਹ ਵਿਚ ਏਦਾਂ ਕਿਹਾ,
"ਕੀ ਗਏ ਹੋਏ ਬੁਲਾ ਸਕਦਾ ਨਹੀਂ!
ਪਿੱਛੇ ਨੂੰ ਚੱਕਰ ਘੁਮਾ ਸਕਦਾ ਨਹੀਂ!"

ਤੁਰਦੇ ਤੁਰਦੇ ਉਸ ਮੇਰੇ ਵੱਲ ਤੱਕ ਕੇ,
ਮੇਰਾ ਚੱਕਰ ਮੇਰੇ ਅੱਗੇ ਰੱਖ ਕੇ,
ਪਿੱਛੇ ਨੂੰ ਉਸ ਨੂੰ ਘੁਮਾਵਣ ਲੱਗਿਆ,
ਬੀਤਿਆ ਜੀਵਨ ਦਿਖਾਵਣ ਲੱਗਿਆ।

ਪਰ ਨਾ ਉਸ ਨੂੰ ਓਸ ਥਾਂ 'ਤੇ ਰੋਕਿਆ,
ਜਿੱਥੇ ਇਸ ਆਪਣੇ ਨੂੰ ਮੈਂ 'ਆਪਣਾ' ਕਿਹਾ।
ਜਿਹੜੀ ਥਾਂ 'ਤੇ ਜਾ ਕੇ ਚੱਕਰ ਥੰਮ੍ਹਿਆਂ,
ਓਥੇ ਹਾਲੇ 'ਆਪਣਾ' ਨਾ ਸੀ ਜੰਮਿਆਂ।

ਮੈਨੂੰ ਜਦ ਉਲ਼ਝਣ ਦੇ ਅੰਦਰ ਦੇਖਿਆ,
ਤਾਂ ਸਮੇਂ ਨੇ ਇੰਜ ਮੈਨੂੰ ਆਖਿਆ,
"ਜ਼ਿੰਦਗੀ ਤੋਂ ਪਹਿਲਾਂ ਵੀ ਅਣ-ਹੋਂਦ ਸੀ,
ਜੀਵਨ ਦੇ ਪਿੱਛੋਂ ਵੀ ਇਕ ਅਣ-ਹੋਂਦ ਹੈ।

ਯਾਦਾਂ ਕੁਝ ਬਣਾ ਕੇ, ਹੋਈ ਮੌਤ ਦਾ,
ਹੁੰਦਾ ਹੈ ਇਨਸਾਨ ਨੂੰ ਇਕ ਆਸਰਾ।
ਜ਼ਿੰਦਗੀ ਦੇ ਵਿਚ ਮਿੱਠੇ ਬੋਲ ਨੇ,
ਕਈ ਸੁਨਹਿਰੀ ਯਾਦਾਂ ਸਾਡੇ ਕੋਲ ਨੇ।

ਖਾ ਕੇ, ਨਾ-ਖਾ ਕੇ ਵੀ ਪਛਤਾਉਣਾ ਹੈ ਜੇ,
ਬੂਰ ਦੇ ਲੱਡੂਆਂ ਨੂੰ ਖਾ ਲੈਣਾ ਜ਼ਰੂਰ।
ਜ਼ਿੰਦਗੀ ਦੇ ਖੱਟੇ-ਮਿੱਠੇ ਫਲ਼ਾਂ ਨੂੰ,
ਆਪਣੀ ਝੋਲ਼ੀ 'ਚ ਪਾ ਲੈਣਾ ਜ਼ਰੂਰ।

ਜ਼ਿੰਦਗੀ ਲਈ, ਨਾ-ਮਿਲਣ ਤੋਂ ਚੰਗਾ ਇਹ,
ਕਿ ਮਿਲੇ ਤੇ ਫੇਰ ਭਾਵੇਂ ਵਿੱਛੜੇ,
ਯਾਦਾਂ ਦੀ ਖਿੜਕੀ 'ਚੋਂ ਪ੍ਰੀਤਮ! ਦੇਖੀਏ,
ਤਾਂ ਉੱਜੜੇ ਹੋਏ ਬਾਗ਼ ਵੀ ਮਿਲਦੇ ਖਿੜੇ"।

ਤਤਕਰਾ

ਜੇ ਮੋਰਚੇ ਲਾਉਣ ਦੀ ਥਾਂ ਗੱਲ ਕਰਨ ਦਾ ਤਰੀਕਾ ਆ ਜਾਵੇ ਤਾਂ ਆਪਣੇ ਹੱਕ ਲੈਣ ਲਈ,
ਤਸੀਹੇ ਸਹਿਣ ਤੇ ਜਾਨਾਂ ਵਾਰਨ ਦੀ ਲੋੜ ਨਹੀਂ।

## ਗੋਸ਼ਟੀ

ਆ ਬਈ ਪ੍ਰੀਤਮ! ਆ ਮੈਂ ਆਪਣਾ ਰੰਗ ਦਿਖਾਵਾਂ,
ਅੱਖ ਦੇ ਫੋਰ 'ਚ ਮੈਂ ਘੁੱਗੀ ਨੂੰ ਫੁੰਡ ਲਿਆਵਾਂ।
ਗਿਦੜਾਂ, ਸੂਰਾਂ, ਚਿੜੀਆਂ ਉੱਤੇ ਸ਼ਿਸਤ ਟਿਕਾ ਕੇ,
ਬੜੀ ਮਹਾਰਤ ਕੀਤੀ ਊ, ਤੂੰ ਦੇਖ ਲੈ ਆ ਕੇ।
ਏਦਾਂ ਹੀ ਮੈਂ ਜ਼ਾਲਮ ਹਾਕਮ ਭੁੰਨ ਦਿਆਂਗਾ,
ਹੱਕ ਮਾਰਨ ਵਾਲੇ ਨੂੰ ਫੜ ਕੇ ਤੁੰਨ ਦਿਆਂਗਾ।
ਵੱਡ-ਵਡੇਰਿਆਂ ਲਈ ਆਜ਼ਾਦੀ ਜਾਨ ਲਗਾ ਕੇ,
ਟੱਬਰ-ਟ੍ਰੀਰ ਹੀ ਨਹੀਂ, ਆਪਣਾ ਆਪ ਭੁਲਾ ਕੇ।
ਮੈਨੂੰ ਪੁੱਛ! ਯਤੀਮ ਨੇ ਰੋਲੀ ਕਿੰਜ ਜਵਾਨੀ,
ਆਜ਼ਾਦੀ ਲਈ ਦਿੱਤੀ ਹੈ ਹਰ ਇਕ ਕੁਰਬਾਨੀ।

ਸੁਣ ਓ ਸ਼ੇਰਿਆ! ਅੱਜ ਸ਼ਿਕਾਰ ਨੂੰ ਜਾਣ ਤੋਂ ਪਹਿਲਾਂ,
ਇਸ ਬੰਦੂਕ ਦੇ ਅੰਦਰ ਗੋਲੀਆਂ ਪਾ'ਣ ਤੋਂ ਪਹਿਲਾਂ,
ਇਹ ਵੀ ਸੋਚਿਆ ਹੈ! ਕਿ ਗੋਲੀ ਕੀ ਕਰਦੀ ਹੈ,
ਘੁੱਗੀ ਅੱਖ ਦੇ ਫੋਰ ਦੇ ਵਿਚ, ਕਿਵੇਂ ਮਰਦੀ ਹੈ?
ਜੇ ਤੂੰ ਵੱਡ-ਵਡੇਰਿਆਂ ਵਾਂਗੂੰ ਕਰਨਾ ਚਾਹਵੇਂ,
ਆਜ਼ਾਦੀ ਦੇ ਲਈ ਤੂੰ ਜੀਣਾ, ਮਰਨਾ ਚਾਹਵੇਂ।
ਅਗਲੀ ਨਸਲ ਯਤੀਮ ਕਰਨ ਦੀ ਲੋੜ ਨਹੀਂ ਹੈ,
ਆਜ਼ਾਦੀ ਲਈ ਜੀਅ, ਮਰਨ ਦੀ ਲੋੜ ਨਹੀਂ ਹੈ।

ਏਦਾਂ ਮੇਰੇ ਸਾਹਵੇਂ, ਕੱਲ੍ਹ (1982) ਟਰੂਡੋ ਕੀਤਾ,
ਬ੍ਰਿਟਿਸ਼-ਰਾਜ ਤੋਂ ਉਸਨੇ ਵੀ ਹੱਕ ਆਪਣਾ ਲੀਤਾ।
ਵੱਡ-ਵਡੇਰਿਆਂ ਦੀ ਉਹਨੇ ਨਹੀਂ ਗੱਲ ਭੁਲਾਈ,
ਆਜ਼ਾਦੀ ਲੈ ਲਈ, ਜਾਨ ਨਹੀਂ ਇਕ ਗਵਾਈ।
ਸੁਣ ਓ ਮੱਲਾ! ਗੱਲਾਂ ਦੇ ਵਿਚ ਜ਼ੋਰ ਬੜਾ ਹੈ,
ਜਿਹੜਾ ਗੱਲ ਨਹੀਂ ਕਰ ਸਕਦਾ, ਕਮਜ਼ੋਰ ਬੜਾ ਹੈ।
ਆਪਣੇ ਬੱਚਿਆਂ ਨੂੰ ਏਹੋ ਹੀ ਮੱਤ ਸਿਖਾ ਦੇ,
ਯਤੀਮ ਨਹੀਂ, ਤੂੰ ਇਹਨਾਂ ਨੂੰ ਵਿਦਵਾਨ ਬਣਾ ਦੇ।
ਜਿਹੜੇ ਬਾਗ਼ ਨੂੰ ਮਿਲ ਜਾਂਦਾ ਹੈ ਚੰਗਾ ਮਾਲੀ,
ਓਥੇ ਬੱਲਿਆ! ਰਹਿੰਦੀ ਹੈ ਸਦਾ ਖ਼ੁਸ਼ਹਾਲੀ।

ਤਤਕਰਾ

ਜ਼ਿੰਦਗੀ ਲਈ ... ... ਇਕ ਧੁੰਧਲਿਆਈ ਸੜਕ ਹੈ। ਜਿਸ ਦੇ ਨਾਲ ਨਾਲ ਬਣੀ ਪਟੜੀ ’ਤੇ ਕਿਸੇ ਉਡੀਕਵਾਨ ਦੀ ਤਰ੍ਹਾਂ ਖੜੀਆਂ, ਖੰਭਿਆਂ ਦੀਆਂ ਰੌਸ਼ਨੀਆਂ ਹਨ। ਇਕਲੌਤਾ ਮੁਸਾਫ਼ਿਰ ਜਦੋਂ ਕਿਸੇ ਰੌਸ਼ਨੀ ਦੇ ਨੇੜੇ ਨੂੰ ਹੁੰਦਾ ਹੈ ਤਾਂ ਉਸ ਦਾ ਆਪਣਾ ਪ੍ਰਛਾਵਾਂ ਪਿੱਛੇ ਨੂੰ ਚਲਾ ਜਾਂਦਾ ਹੈ। ਪਰ ਜਦ ਉਹ ਓਸ ਰੌਸ਼ਨੀ ਨੂੰ ਛੱਡ ਕੇ, ਅੱਗੇ ਲੰਘ ਤੁਰਦਾ ਹੈ ਤਾਂ ਉਹੀ ਪ੍ਰਛਾਵਾਂ ਉਸ ਦੇ ਅੱਗੇ ਆ ਜਾਂਦਾ ਹੈ। ਉਹ ਜਿੰਨਾ ਅੱਗੇ ਵਧਦਾ ਹੈ, ਪ੍ਰਛਾਵਾਂ ਓਨਾ ਲੰਬਾ ਹੁੰਦਾ ਜਾਂਦਾ ਹੈ; ਓਦੋਂ ਤਕ, ਜਦੋਂ ਕਿਸੇ ਹੋਰ ਖਿੱਚ ਦੀ ਰੌਸ਼ਨੀ ਉਸ ਨੂੰ ਫੇਰ ਪਿੱਛੇ ਨਹੀਂ ਪਾ ਦਿੰਦੀ।
ਤੇ ਜਦੋਂ ਉਡੀਕਵਾਨ ਦੀ ਤਰ੍ਹਾਂ ਖੜੀਆਂ ਰੌਸ਼ਨੀਆਂ ਦੇ ਖੰਭੇ ਖ਼ਤਮ ਹੋ ਜਾਂਦੇ ਹਨ ਤਾਂ ਜ਼ਿੰਦਗੀ ਹਨੇਰੇ ਦੀ ਲਪੇਟ ਵਿਚ ਆ ਜਾਂਦੀ ਹੈ। ਸ਼ਾਇਦ ਏਸੇ ਹਨੇਰੇ ਦਾ ਦੂਸਰਾ ਨਾਮ ਮੌਤ ਹੈ।

(ਇਕ ਰੌਸ਼ਨੀ ਦੀ ਗੱਲ ਹੈ)

## ਇਕ ਪ੍ਰਛਾਵਾਂ ਅੱਗੇ

ਕੱਲ੍ਹ ਪ੍ਰਛਾਵਾਂ ਪਿੱਛੇ ਹੈ ਸੀ, ਅੱਜ ਪ੍ਰਛਾਵਾਂ ਅੱਗੇ;
ਕਦੇ ਤਾਂ ਆਪਣਾ ਲਗਦਾ ਹੈ ਇਹ ਕਦੇ ਪਰਾਇਆ ਲੱਗੇ।

ਮੂੰਹ-ਹਨੇਰਾ, ਸੜਕ ’ਚ ਰਾਹੀ, ਕੰਢੇ ਰੌਸ਼ਨੀਆਂ ਨੇ।
ਰੌਸ਼ਨੀਆਂ ਨੇ ਕਿ ਇਹ ਜਿੰਦਾਂ, ਸੱਜਣ ਬਣ ਖੜੀਆਂ ਨੇ?
ਸੱਜਣਾ ਦੀ ਮਿੱਠੀ ਮੁਸਕਾਹਟ, ਦਿਲ ਰਾਹੀ ਦਾ ਠੱਗੇ।
ਕੱਲ੍ਹ ਪ੍ਰਛਾਵਾਂ ਪਿੱਛੇ ਹੈ ਸੀ, ਅੱਜ ਪ੍ਰਛਾਵਾਂ ਅੱਗੇ।

ਦੇਰ ਹੋਈ ਕਿ ਇਕ ਸ਼ਮ੍ਹਾਂ ਨੇ, ਕਿਰਣ ਸੁਨਹਿਰੀ ਪਾਈ;
ਦਿਲ ਦੀ ਇਕ ਹਨੇਰੀ ਨੁੱਕਰ, ਅਚਨਚੇਤ ਰੁਸ਼ਨਾਈ।
ਜੋ ਪ੍ਰਛਾਵਾਂ ਪਿੱਛੇ ਬਣਿਆਂ, ਉਹ ਪ੍ਰਛਾਵਾਂ ਅੱਗੇ।
ਕਦੇ ਤਾਂ ਆਪਣਾ ਲਗਦਾ ਹੈ ਇਹ, ਕਦੇ ਪਰਾਇਆ ਲੱਗੇ।

ਸ਼ਮ੍ਹਾਂ ਵੀ ਕੈਦਣ ਸ਼ਮ੍ਹਾਂ-ਦਾਨ ਦੀ, ਰਾਹੀ ਵੀ ਨਹੀਂ ਬਹਿਣਾ;
ਲੰਬੇ ਹੁੰਦੇ ਪ੍ਰਛਾਵੇਂ ਨੇ, ਇੰਜ ਹੀ ਅੱਗੇ ਰਹਿਣਾ।
ਨਾ ਨ੍ਹੇਰਾ, ਨਾ ਚਾਨਣ ਕੋਈ ਏਧਰ ਆਉਂਦਾ ਲੱਗੇ।
ਕੱਲ੍ਹ ਪ੍ਰਛਾਵਾਂ ਪਿੱਛੇ ਹੈ ਸੀ, ਅੱਜ ਪ੍ਰਛਾਵਾਂ ਅੱਗੇ।

ਤਤਕਰਾ

## ਕੀਰਤਪੁਰ / ਗੰਗਾ

ਤੇਰੀ ਜੀਵਨ-ਗਾਥਾ ਆਜ ਹਮੇਂ ਫਿਰ ਐਸੀ ਜਗਹ ਪਿਹ ਲਾਈ ਹੈ,
ਜਿਸ ਜਗਹ ਹੂਈ ਆਮਦ ਤੇਰੀ ਹਰ ਹੋਂਦ ਯਹਾਂ ਅਸਥਾਈ ਹੈ।
ਯਿਹ ਤੇਰੀ ਜੜ੍ਹ ਕਾ ਸਿਰਨਾਵਾਂ, ਤੇਰਾ ਆਦਿ ਯਹਾਂ ਤੇਰਾ ਅੰਤ ਯਹਾਂ,
ਤੁਝੇ ਨੂਰ ਦੀਆ ਹੈ ਕੁਦਰਤ ਨੇ ਯਹੀਂ ਰੂਹ ਨੇ ਹਸਤੀ ਪਾਈ ਹੈ।

ਹੈਂ ਯਾਦੇਂ ਤੇਰੇ ਬਚਪਨ ਕੀ, ਕੁਛ ਸ਼ੋਖ਼ ਜਵਾਨੀ ਕੇ ਕਿੱਸੇ,
ਤੇਰੇ ਗਾਓਂ ਕੀ ਮਿੱਟੀ ਮੇਂ, ਤੇਰੀ ਰੂਹ ਕੀ ਖ਼ੁਸ਼ਬੂ ਰਹਿਤੀ ਹੈ,
ਇਨ ਖੇਤੋਂ ਮੇਂ ਖਲਿਆਨੋਂ ਮੇਂ, ਮੈਂ ਤੇਰੀ ਰਾਖ਼ ਕੋ ਲੇ ਆਇਆ,
ਯਹੀਂ ਕੀਰਤਪੁਰ ਭੀ ਹੈ ਤੇਰਾ, ਯਹੀਂ ਗੰਗਾ ਬਹਿਤੀ ਹੈ।

ਤਤਕਰਾ

# ਹਰ ਛਿਣ ਨਵਾਂ ਨਕੋਰ

ਹਰ ਛਿਣ ਨਵਾਂ ਨਕੋਰ, ਓ ਪ੍ਰੀਤਮ!
ਹਰ ਛਿਣ ਨਵਾਂ ਨਕੋਰ।
ਹਰ ਛਿਣ ਹੈ ਕੁਝ ਹੋਰ, ਓ ਪ੍ਰੀਤਮ!
ਹਰ ਛਿਣ ਹੈ ਕੁਝ ਹੋਰ।

ਅੱਖ ਝਮਕਣ ਦੇ ਲਈ, ਓ ਪ੍ਰੀਤਮ!
ਜਿਹੜੀ ਪਲਕ ਝੁਕਾਈ,
ਉਹ ਪਲਕ ਕੁਝ ਹੋਰ ਸੀ, ਪ੍ਰੀਤਮ!
ਜਦ ਮੈਂ ਉਤਾਂਹ ਉਠਾਈ।

ਹਰ ਛਿਣ ਹਰ ਸ਼ੈਅ ਬਦਲੀ ਜਾਵੇ,
ਇਹ ਸਮੇਂ ਦੀ ਤੋਰ, ਓ ਪ੍ਰੀਤਮ!
ਹਰ ਛਿਣ ਨਵਾਂ ਨਕੋਰ।

ਥਿੱਤ, ਵਾਰ ਤੇ ਮਾਹ ਜੋ ਗੁਜ਼ਰੇ,
ਉਹ ਮੁੜ ਕੇ ਨਾ ਆਵੇ।
ਬੇਸ਼ੱਕ ਉਹ ਹੀ ਨਾਮ ਪੁਰਾਣਾ,
ਮੁੜ ਮੁੜ ਕੇ ਦੁਹਰਾਵੇ।

ਇਕ ਨਵਾਂ ਦਿਨ ਲੈ ਕੇ ਆਵੇ,
ਹਰ ਨਵੇਲੀ ਭੋਰ, ਓ ਪ੍ਰੀਤਮ!
ਹਰ ਛਿਣ ਨਵਾਂ ਨਕੋਰ।

ਸਮੇਂ ਦੇ ਚੱਕਰ ਦਾ ਗੋਪੀਆ,
ਕੋਈ ਹੋਰ ਘੁਮਾਵੇ।
ਉਸ ਹੱਥੋਂ ਇਹ ਜੀਵ-ਗੁਲੇਲਾ,
ਬੇਵੱਸ ਘੁੰਮਦਾ ਜਾਵੇ।

ਜਦ ਤਾਈਂ ਨਾ ਇਸ ਦੇ ਹੱਥੀਂ,
ਆ ਜਾਵੇ ਉਹ ਡੋਰ, ਓ ਪ੍ਰੀਤਮ!
ਹਰ ਛਿਣ ਨਵਾਂ ਨਕੋਰ।

ਤਤਕਰਾ

ਰੱਬ[1] ਦਾ ਕੋਈ ਨਾ ਅਤਾ-ਪਤਾ ਹੈ,
ਪਰ ਉਸ ਵਿਚ ਸਭ ਦੀ ਦੁਨੀਆ ਹੈ।

'ਇੱਛਾ' ਹੀ ਜੀਵਨ ਦਾ ਮਤਾ ਹੈ,
ਤੇ ਹਰ ਪੀੜ ਓਸੇ ਦੀ ਸਜ਼ਾ ਹੈ।

'ਘਰ-ਗ੍ਰਿਹਿਸਤੀ' ਜੇ ਧੰਧ ਨਾ ਹੋਵੇ,
ਤਾਂ ਫਿਰ ਇਸ ਵਿਚ ਬਹੁਤ ਮਜ਼ਾ ਹੈ।

ਸੱਚ ਹੈ, ਕਿ 'ਸੱਚ' ਕੌੜਾ ਹੁੰਦਾ,
ਤਾਂ ਹੀ 'ਝੂਠ' ਸਦਾ ਮਿੱਠਾ ਹੈ।

ਜਿਸ ਜੀਵਨ ਦਾ ਰਾਜ਼ ਖ੍ਹੋਲਿਆ,
ਖੋਹਲ ਕੇ ਉਹ, ਗੁੰਗਾ ਹੋਇਆ ਹੈ।

'ਹੁਣ ਦਾ ਪਲ' ਹੀ ਸਾਡਾ ਹੈ, ਬਸ!
ਪ੍ਰੀਤਮ ਨੂੰ ਹੁਣ ਇਹ ਸੁੱਝਿਆ ਹੈ।

---

1. An immense Re-cycling ( Creative, Preservative & Destructive) Force.

ਤਤਕਰਾ

ਉਸ ਨੂੰ ਮਿਲਿਆ, ਉਸ ਨੂੰ ਚਾਹਿਆ, ਸੋਚਾਂ ਵਿਚ ਸਮਾਇਆ,
ਮੁੜਨ ਵੇਲੇ ਉਸ ਨੂੰ ਛੱਡ ਆਇਆ, ਸੋਚਾਂ ਨਾਲ ਲਿਆਇਆ।

ਸਦਕੇ ਜਾਵਾਂ ਉਸ ਹਸਤੀ ਦੇ, ਜਿਸ ਨੇ ਯਾਦ ਬਣਾਈ,
ਅੱਖ ਦੇ ਫੋਰ 'ਚ ਸੌ ਕੋਹਾਂ ਦਾ ਵਿਛੜਿਆ ਆਣ ਮਿਲਾਇਆ।

ਸ਼ੀਸ਼ੇ ਦੇ ਵਿਚ, ਜਾਂਦੇ ਨੂੰ ਤੱਕ, ਉਸ ਦੇ ਵੱਲ ਨੂੰ ਤੁਰਿਆ,
ਉਹ ਕੀ ਜਾਣੇ! ਏਸ ਤਰਹਾਂ ਉਸ ਪੈਂਡਾ ਹੋਰ ਵਧਾਇਆ।

ਹਰ ਇਕ ਟੁਕੜਾ ਸ਼ੀਸ਼ਾ ਬਣਿਆਂ, ਜਦ ਇਕ ਸ਼ੀਸ਼ਾ ਟੁੱਟਿਆ,
ਇੱਕੋ ਹੀ ਚਿਹਰੇ ਨੂੰ ਉਹਨਾਂ, ਵੱਖੋ ਵੱਖ ਦਿਖਾਇਆ।

ਫੁੱਲ ਖਿੜਦਾ ਹੈ, ਸਿਰਫ਼ ਖਿੜਨ ਲਈ, ਬਾਗ਼ ਹੋਵੇ ਜਾਂ ਜੰਗਲ,
ਕੋਈ ਦੇਖੇ, ਜਾਂ ਕਿਉਂ ਦੇਖੇ? ਉਸ ਦੇ ਚਿੱਤ ਨਾ ਆਇਆ।

ਉਸ ਪੱਥਰ ਵੱਲ ਦੇਖ, ਪ੍ਰੀਤਮ! ਉਸ ਦੇ ਵਿਚ ਰੱਬ ਲੁਕਿਆ,
ਬੁੱਤ-ਘਾੜੇ ਨੇ ਕਰ ਇਸ਼ਾਰਾ, ਮੈਨੂੰ ਆਖ ਸੁਣਾਇਆ।

ਇਕ ਅਜਾਣੀ ਭਾਲ ਵਿਚ ਤੁਰਦਾ ਰਿਹਾ,
ਸੀ ਤਾਂ ਦਰਿਆ, ਫੇਰ ਵੀ ਪਿਆਸਾ ਰਿਹਾ।

ਕੀ ਸੀ, ਜੇ ਮੇਰੇ ਜਿਹਾ ਮਿਲਦਾ ਕੋਈ!
ਮੈਨੂੰ ਮੇਰਾ ਆਪਣਾ ਟੋਟਾ ਰਿਹਾ।

ਦਰਿਆ ਨੇ ਤੁਰਨਾ ਤਾਂ ਹੈ ਸੀ ਉਮਰ ਭਰ,
ਯਾਦਾਂ ਦੇ ਸਾਗਰ 'ਚ ਜਾ ਡੁੱਬਦਾ ਰਿਹਾ।

ਮਨਫ਼ੀ ਕਰ ਦਿੱਤਾ ਕੁੜੱਤਣ ਦਾ ਗਿਲਾ,
ਫਿਰ ਵੀ ਕਿਸੇ ਮਿਠਾਸ ਦਾ ਚੇਤਾ ਰਿਹਾ।

ਆਪਣਾ ਸਾਬਤ ਅਕਸ ਨਾ ਦਿਸਿਆ ਕਦੇ,
ਲੱਖ ਦਿਲ ਦੇ ਸ਼ੀਸ਼ੇ ਵਿਚ ਵਿੰਹਦਾ ਰਿਹਾ।

ਪੈਂਡਾ ਹੀ ਐਸਾ ਸੀ, ਦੇਰੀ ਹੋ ਗਈ,
'ਪ੍ਰੀਤਮ'! ਮੈਂ ਕਿੱਥੇ ਕਿਤੇ ਬੈਠਾ ਰਿਹਾ!

ਤਤਕਰਾ

ਮੇਰੇ ਜਿਸਮ ਦੇ ਆਕਾਰ ਤੋਂ, ਬਾਹਰ ਵਜੂਦ ਤੇਰਾ,
ਮੇਰੀ ਜ਼ਿੰਦਗੀ ਦੀ ਸਾਰ ਤੋਂ, ਬੇਖ਼ਬਰ ਵਜੂਦ ਤੇਰਾ।

ਇੰਜ ਹੈ ਦਿਲਾਂ 'ਚ ਉੱਸਰੀ ਦੀਵਾਰ ਤਲਖ਼ੀਆਂ ਦੀ,
ਮੇਰੀ ਰੂਹ ਦੀ ਮਾਂਦਗੀ ਤੋਂ, ਬੇਅਸਰ ਵਜੂਦ ਤੇਰਾ।

ਪੱਥਰ ਨਾ ਪਹਿਨ ਤਨ 'ਤੇ, ਸ਼ੀਸ਼ੇ ਦੇ ਮਹਿਲ ਅੰਦਰ,
ਕਿਤੇ ਰਹਿ ਨਾ ਜਾਏ ਹੋ ਕੇ ਦੂਭਰ ਵਜੂਦ ਤੇਰਾ।

ਜੇ ਨਾ ਰਾਸ ਆਈ ਰੂਹ ਨੂੰ, ਔਕਾਤ ਨ੍ਹੇਰਿਆਂ ਦੀ,
ਬੇ-ਚੈਨ ਹੀ ਰਹੇਗਾ , ਤਾ-ਸਹਰ ਵਜੂਦ ਤੇਰਾ।

'ਪ੍ਰੀਤਮ' ਦੀ ਦੁਨੀਆਂ ਬਦਲੀ ਕਿੰਜ ਹੈ ਬਗ਼ੈਰ ਤੇਰੇ,
ਆ ਦੇਖ! ਕਰ ਰਿਹਾ ਸੀ, ਕੀ ਅਸਰ ਵਜੂਦ ਤੇਰਾ।

ਦਰਦ ਵਧ ਕੇ ਜਦੋਂ ਦਵਾ ਨਾ ਬਣੇ,
ਸਹ-ਖ਼ੁਦਕੁਸ਼ੀ[1] ਫਿਰ ਖ਼ਤਾ ਨਾ ਬਣੇ।

ਜਨਮ ਦੇਣ ਜਾਂ ਨਾ-ਦੇਣ ਦਾ ਹੱਕ,
ਕਿਸੇ ਦੇ ਵਾਸਤੇ, ਸਜ਼ਾ ਨਾ ਬਣੇ।

ਪੱਤੇ ਐਵੇਂ ਹੀ ਜੋ ਹਿਲਾਂਦੀ ਫਿਰੇ,
ਆਦਮੀ ਤੋਂ ਕਦੇ ਹਵਾ ਨਾ ਬਣੇ।

ਅਗਾਂਹ ਜਾਂਦੇ ਨੂੰ ਜੋ ਪਿਛਾਂਹ ਸੱਦੇ,
ਕਿਸੇ ਵੀ ਦਿਲ ਦੀ ਸਦਾ ਨਾ ਬਣੇ।

ਕਰੇ ਨੁਕਸਾਨ ਜੋ ਜ਼ਮੀਰਾਂ ਦਾ,
ਕੋਈ ਐਸਾ ਵੀ ਤਾਂ ਨਫ਼ਾ ਨਾ ਬਣੇ।

1. Euthanasia

ਤਤਕਰਾ

ਮੈਂ ਹਿੱਲਾਂ ਜਾਂ ਨਾ ਹਿੱਲਾਂ, ਮੇਰਾ ਸਾਇਆ ਟਿਕ ਨਾ ਬਹਿੰਦਾ,
ਕਦੇ ਇਹ ਪਿੱਛੇ ਦੀ ਗੱਲ ਕਰਦਾ ਕਦੇ ਅਗਾਂਹ ਦੀ ਕਹਿੰਦਾ।

ਦਿਲ ਨੇ ਅਕਸਰ ਉਹ ਸ਼ੈਅ ਮੰਗੀ ਜੋ ਨਾ-ਮੁਮਕਿਨ ਹੈ ਸੀ,
ਐਸੀ ਚਾਹਤ ਦੇ ਬਦਲੇ ਵਿਚ, ਰਿਹਾ ਸਦਾ ਦੁੱਖ ਸਹਿੰਦਾ।

ਇਕ ਪਾਸੇ ਨੂੰ ਪੂਰਬ ਆਖਾਂ, ਇਕ ਨੂੰ ਪੱਛਮ ਆਖਾਂ,
ਪਰ ਇਹ ਸੂਰਜ, ਹਰ ਥਾਂ ਚੜ੍ਹਦਾ ਹਰ ਥਾਂ ਉੱਤੇ ਲਹਿੰਦਾ।

ਅਜੇ ਤਾਂਈਂ ਤਾਂ ਦਿਸ-ਹੱਦੇ ‘ਤੇ ਕੋਈ ਪਹੁੰਚ ਨਾ ਸਕਿਆ,
ਤੂੰ ਕਿਉਂ ਉੱਡਦੀਆਂ ਡਾਰਾਂ ਪਿੱਛੇ ਫਿਰਦੈਂ ਡਿੱਗਦਾ ਢਹਿੰਦਾ।

ਜਿਸ ਨੇ ਪੀੜਾਂ ਆਪਣੀਆਂ ਦੀ, ਹਾਥ ਪਾ ਲਈ ਹੁੰਦੀ,
ਪੁਰਜ਼ਾ ਪੁਰਜ਼ਾ ਕਟਵਾ ਕੇ ਵੀ, ਉਹ ਤੇ ਹੱਸਦਾ ਰਹਿੰਦਾ।

ਬੜੀ ਦੋਸਤੀ ਖ਼ੁਸ਼ੀਆਂ ਦੇ ਸੰਗ ਏਸ ਸਮੇਂ ਨੇ ਪਾਈ,
ਲੇਕਿਨ ਇਸਦੀ ਆਦਤ ਹੈ, ਇਹ ਨਾਲ ਗ਼ਮੀ ਦੇ ਖਹਿੰਦਾ।

ਜਿਸ ਨੂੰ ਆਪਣੇ ਸ਼ਹੁ-ਸਾਗਰ ਦੇ ਨਾਲ ਮਿਲਣ ਦੀ ਇੱਛਾ,
ਉਹ ਨਿਮਾਣਾ ਹੋ ਕੇ ਪ੍ਰੀਤਮ! ਨੀਵੀ ਥਾਂ ਵੱਲ ਵਹਿੰਦਾ।

ਮੈਂ ਜਵਾਬ ਦੇ ਕੇ ਜਿੱਤਿਆ, ਮੈਂ ਜਵਾਬ ਦੇ ਕੇ ਹਰਿਆ।
ਮੈਂ ਕਦੇ ਇਨਾਮ ਪਾਇਆ, ਮੈਂ ਕਦੇ ਹੈ ਡੰਨ ਭਰਿਆ।

ਮੇਰੀ ਜ਼ਿੰਦਗੀ ਦੀ ਰੰਗਤ, ਨਾ ਸਿਆਹ - ਸਫ਼ੈਦ ਹੋਈ,
ਮੈਂ ਮਾਣਿਆਂ ਸੁਨਹਿਰੀ, ਲਾਲ, ਨੀਲਾ, ਪੀਲਾ, ਹਰਿਆ।

ਮਜਬੂਰੀਆਂ ਦਾ ਸਦਮਾ, ਸੀ ਜਾਂ ਫ਼ਾਸਲੇ ਦਾ ਸਦਮਾ,
ਇਹ ਠੀਕ ਨਾ ਕਹਾਂਗਾ, ਜੇ ਕਹਾਂ ਕਿ ਮੈਂ ਨਾ ਜਰਿਆ।

ਮੈਂ ਪਤਝੜਾਂ ਦੇ ਵਿਚ ਦੀ, ਬਹਾਰ ਤਕ ਜਾ ਪਹੁੰਚਾਂ,
ਹੋਈ ਜੇ ਗ਼ਮ ਦੀ ਬਾਰਿਸ਼, ਨਾ ਮੇਰਾ ਵਜੂਦ ਖਰਿਆ।

ਇਹੀ ਫ਼ਲਸਫ਼ਾ ਰਿਹਾ ਹੈ, ਮੇਰੀ ਜ਼ਿੰਦਗੀ ਦਾ ਪ੍ਰੀਤਮ!
ਨਾ ਕਦੇ ਕੋਈ ਡਰਾਇਆ, ਨਾ ਕਦੇ ਕਿਸੇ ਤੋਂ ਡਰਿਆ।

ਤਤਕਰਾ

ਦਿਨ ਮੇਰੀ ਇਕੱਲਤਾ ਦੇ  ਬਦਲ ਜਾਂਦੇ ਤਾਂ ਚੰਗਾ ਸੀ,
ਜਿੰਨ੍ਹਾਂ ਮੋੜ ਤੇ ਮਿਲਣਾ ਸੀ ਮਿਲ ਜਾਂਦੇ ਤਾਂ ਚੰਗਾ ਸੀ।

ਅੱਖਰ ਸਾੜਿਆਂ ਸੜਦੇ ਨਹੀਂ ਹਨ, ਜ਼ਿਹਨ ਦੇ ਵਿੱਚੋਂ,
ਖ਼ਤਾਂ ਦੇ ਨਾਲ  ਜਜ਼ਬੇ ਵੀ, ਜਲ ਜਾਂਦੇ ਤਾਂ ਚੰਗਾ ਸੀ।

ਨਹੀਂ ਹੈ ਕੋਝ ‘ਤੇ ਸ਼ਿਕਵਾ ਕੋਈ,  ਮੇਰੇ ਵਿਕਾਰਾਂ ਨੂੰ,
ਹੁਸਨ ਦੇ ਕੋਲ ਜਾ ਕੇ ਜੇ ਸੰਭਲ ਜਾਂਦੇ ਤਾਂ ਚੰਗਾ ਸੀ।

ਕਿਸੇ ‘ਅਹਲਿਆ’ ਵਾਂਗੂੰ ਨਜ਼ਰ ਪਥਰਾ ਗਏ ਜਿਹੜੇ,
ਗ਼ਮ ਦੀਦੇ ਦੇ ਹੰਝੂਆਂ ਵਿਚ ਢਲ ਜਾਂਦੇ ਤਾਂ ਚੰਗਾ ਸੀ।

ਨੀ ਜਿੰਦੇ! ਤੇਰੇ ਵਿਹੜੇ ਜੋ ਬੜੇ ਚਾਵਾਂ ਨਾ’ ਬੀਜੇ ਸੀ,
ਜੇ ਅਰਮਾਨ ਪ੍ਰੀਤਮ ਦੇ ਵੀ ਫਲ ਜਾਂਦੇ ਤਾਂ ਚੰਗਾ ਸੀ।

ਸਜਾ ਕੇ ਖ਼ਾਬ  ਪਲਕਾਂ ‘ਤੇ,  ਹੈ ਤੁਰਨਾ ਰੌਸ਼ਨੀ ਵੱਲ ਨੂੰ,
ਬੜਾ ਟੇਢਾ ਹੈ  ਇਹ ਰਸਤਾ  ਜੋ ਜਾਂਦਾ ਜ਼ਿੰਦਗੀ ਵੱਲ ਨੂੰ।

ਕਹਾਣੀ  ਹੋਰ ਹੋਣੀ ਸੀ,  ਕਹਾਣੀ ਹੋਰ ਹੋਈ ਹੈ,
ਜਦੋਂ ਦਾ  ਪੁੱਟਿਆਂ ਹੈ  ਪੈਰ, ਆਪਣੀ  ਬੇ-ਖ਼ੁਦੀ ਵੱਲ ਨੂੰ।

ਇਹੋ  ਰਸਤਾ  ਭੁਚਾਲ਼ਾਂ ਦਾ,  ਤੂਫ਼ਾਨਾ ਦਾ ‘ਤੇ  ਮੌਤਾਂ ਦਾ,
ਸਮੇਂ ਨੂੰ  ਲੈ ਕੇ  ਜਾਂਦਾ ਹੈ,  ਸਮੇਂ ਦੀ  ਤਾਜ਼ਗੀ ਵੱਲ ਨੂੰ।

ਨਸ਼ਾ ਕੁਝ ਆਪਣੇ ਮਨ ਦਾ ਤੇ ਜਲਵਾ ਹੈ ਕਿਸੇ ਸ਼ੈਅ ਦਾ,
ਜੋ ਉਂਗਲੀ ਲਾ ਕੇ ਲੈ ਤੁਰਦਾ ਹੈ ਸਾਨੂੰ ਦਿਲਕਸ਼ੀ ਵੱਲ ਨੂੰ।

ਜਦੋਂ ਵੀ ਮੁੱਲ ਪਾਉਂਦਾ ਹਾਂ, ਕਿਸੇ ਸੂਰਤ ਦਾ, ਸੀਰਤ ਦਾ,
ਝੁਕ ਜਾਂਦਾ ਹੈ ਪ੍ਰੀਤਮ! ਪੱਲੜਾ,  ਆਪਣੀ ਖ਼ੁਸ਼ੀ ਵੱਲ ਨੂੰ।

ਤਤਕਰਾ

ਤੂੰ ਭਾਵੇਂ ਮੁਸਕਾ, ਚਿਹਰਾ ਦੱਸ ਰਿਹਾ,
ਦਿਲ ਨੇ ਰੱਖੇ ਨੇ ਕਿਧਰੇ ਦਰਦ ਲੁਕਾ।

ਕੋਲ ਰਹਿਣ ਦੀ ਜੇ ਆਦਤ ਲਈ ਬਣਾ,
ਯਾਦ ਕੋਈ ਆ ਕੇ ਜਾਸੀ ਜਿੰਦ ਰੁਲਾ।

ਤੇਜਸਵੀ ਕੋਈ ਜਦ ਕਦੀ ਮਿਲਿਆ,
ਮੇਰੀਆਂ ਸੋਚਾਂ ਦੇ ਨ੍ਹੇਰੇ ਬਦਲ ਗਿਆ।

ਜਿਸ ਨੂੰ ਦੁਨੀਆਂ ਨੂੰ ਖ਼ੁਸ਼ ਦੇਖਣ ਦਾ ਚਾਅ,
ਭੋਛਣ ਰੀਝਾਂ ਦਾ, ਉਸ ਕੋਲੋਂ ਰੰਗਵਾ।

ਕੱਚੀ ਨੀਂਦੇ ਜਦ ਸੁਪਨਾ ਗਿਆ ਜਗਾ,
'ਪ੍ਰੀਤਮ'! ਕੀ ਦੱਸਾਂ ਕੀ ਕੀ ਗੁਜ਼ਰਿਆ!

ਬਸ ਜ਼ਖ਼ਮ ਹੀ ਨਾ ਹੁੰਦੇ ਇਸ ਤਨ 'ਤੇ ਜਰਨ ਲਈ,
ਜਜ਼ਬਾਤ ਵੀ ਹੁੰਦੇ ਨੇ, ਹਟਕੋਰੇ ਭਰਨ ਲਈ।

ਬੇ-ਕਸੀ ਜਦੋਂ ਵਧ ਕੇ ਅਸਮਾਨ ਗਿਰਾ ਦੇਵੇ,
ਫਿਰ ਸੂਝ ਨਹੀਂ ਪੈਂਦੀ, ਜੀਵਨ ਜਾਂ ਮਰਨ ਲਈ।

ਔਹ ਦੇਖ! ਪਰੇ, ਓਧਰ, ਸੂਰਜ ਡੁੱਬ ਚੱਲਿਆ ਹੈ,
ਹੁਣ ਹੋਰ ਕਿਸੇ ਨ੍ਹੇਰੇ, ਅੰਬਰ ਨੂੰ ਤਰਨ ਲਈ।

ਨਾ-ਹਰਨ ਦੀ ਅੱਗ, ਜਦੋਂ ਸੀਨੇ ਵਿਚ ਭੜਕ ਪਵੇ,
ਕੋਈ ਹਰਨ ਵੀ ਬਣ ਜਾਂਦੈ 'ਸੀਤਾ' ਦੇ ਹਰਨ ਲਈ।

ਆਵਾਜ਼ ਹੈ ਜੋ ਆਈ, ਜਾਣੀ ਪਹਿਚਾਣੀ ਹੈ,
ਜੰਗਲ ਹੈ ਤਾਂ ਕੀ ਹੋਇਆ! ਕੀ ਲੋੜ ਹੈ ਡਰਨ ਲਈ?

ਪ੍ਰੀਤਮ! ਤੂੰ ਕੀ ਜਾਣੇ!! ਇਕਰਾਰ ਵਫ਼ਾਵਾਂ ਦੇ,
ਟੁੱਟ ਜਾਣ, ਤਾਂ ਕਾਫ਼ੀ ਨੇ ਦਿਲ ਪਾਗਲ ਕਰਨ ਲਈ।

ਤਤਕਰਾ

ਤੁਰਨ ਵੇਲ਼ੇ ਦੇਖੀਆਂ ਜਦ ਅੱਖੀਆਂ ਨਮ,
ਦੁਚਿੱਤੀ ਵਿਚ ਫਸ ਗਏ, ਤੁਰਦੇ ਕਦਮ।

ਪਿਆਰ ਦੇ ਖੰਡਰਾਤ 'ਚੋਂ ਲੰਘਣਾ ਸੀ ਜੇ,
ਮੋਹ ਨਹੀਂ ਤਾਂ ਤੱਕ ਤੇ ਜਾਂਦੋਂ ਕਮ ਸੇ ਕਮ।

ਨ੍ਹੇਰ ਦੇ ਵਿਚ ਆਸਰਾ ਸੀ ਬਿੜਕ ਦਾ,
ਭੁੱਲੇ ਹੋਏ ਰਾਹ ਤੋਂ ਨਾ ਲੰਘੇ ਸਨਮ।

ਫ਼ਲ - ਭਰੇ ਰੁੱਖਾਂ ਨੂੰ ਵੱਟੇ ਪੈਣਗੇ,
ਫਿਰ ਕੋਈ ਸਹਿ ਜਾਏਗਾ ਹੁੰਦੇ ਜ਼ੁਲਮ।

ਪ੍ਰੀਤਮ! ਕੀ ਲੁੱਟਣਾ ਕਿਸੇ, ਕੰਗਾਲ ਨੂੰ!
ਕੌਣ ਕੰਮ ਕਰਦਾ ਹੈ ਏਥੇ ਬਿਨ ਰਕਮ!

ਗੱਲ ਸਾਫ਼ ਸਾਫ਼ ਕਹਿ ਕੇ ਫਿਰ ਵੀ ਛੁਪਾਈ ਉਸ ਨੇ,
ਉਲਝਣ ਦੇ ਮਾਰਿਆਂ ਦੀ ਉਲਝਣ ਵਧਾਈ ਉਸ ਨੇ।

ਪੁੱਛਿਆ ਜਦੋਂ ਮੈਂ ਉਸਨੂੰ "ਦੱਸ ਤਾਂ ਇਹ ਜ਼ਿੰਦਗੀ ਕੀ"?
ਤੀਲਾਂ ਦੀ ਡੱਬੀ ਉੱਤੇ, ਤੀਲੀ ਘਸਾਈ ਉਸ ਨੇ।

ਦੱਸਣ ਲਈ ਕਿ ਜੀਵਨ, ਕੀ ਮੰਗਦਾ ਤੇ ਕੀ ਦਿੰਦਾ,
ਫਲ-ਦਾਰ ਦੀ ਪਨੀਰੀ, ਮੈਨੂੰ ਫੜਾਈ ਉਸ ਨੇ।

ਜੇ ਮਿਲਿਆ ਮਸਖ਼ਰੇ ਨੂੰ, ਮਿਲਿਆ ਹੈ ਜੱਗ ਦਾ ਹਾਸਾ,
ਰੋਇਆ ਹੈ ਦਿਲ ਤਾਂ ਫਿਰ ਵੀ ਦੁਨੀਆਂ ਹਸਾਈ ਉਸ ਨੇ।

ਜੀਵਨ ਦੇ ਵਿਚ ਕੋਈ ਜਿਸ ਤਰ੍ਹਾਂ ਜੀਅ ਰਿਹਾ ਹੈ,
ਜੀਵਨ-ਦੀ-ਜਾਚ 'ਪ੍ਰੀਤਮ'! ਉਹ ਹੀ ਸਿਖਾਈ ਉਸ ਨੇ।

ਤਤਕਰਾ

ਉਹ, ਜਿਨ੍ਹਾਂ ਨੂੰ ਆ ਗਿਆ ਹੈ, ਆਪਣੇ ਆਪ ਦਾ ਵਲਵਲਾ,
ਮੌਤ ਨੂੰ ਸੁਣਾ ਗਏ ਨੇ, ਜ਼ਿੰਦਗੀ ਦਾ ਫ਼ੈਸਲਾ।

ਕੋਠੀ ਵਿਚ ਦਾਣੇ, ਤਾਂ ਅਕਸਰ ਅਕਲ ਦੇ ਮਾਲਿਕ ਬਣੋ,
ਭੁੱਖ ਦੇ ਘਰ ਜੰਮਦੈ, 'ਆਜ਼ਾਦੀਆਂ ਦਾ ਤੌਖ਼ਲਾ'।

ਕੁਝ ਨਾ ਕੁਝ ਈਜਾਦ ਹੁੰਦਾ ਹੈ ਬਚਾ ਦੇ ਵਾਸਤੇ,
ਜਦ ਕਦੇ ਜਜ਼ਬਾਤ ਦੀ ਧਰਤੀ 'ਤੇ ਆਵੇ ਜ਼ਲਜ਼ਲਾ।

ਹਾਂ, ਇਕੱਲਤਾ ਵਿਚ ਵੀ ਰੌਣਕ ਬੜੀ ਹੈ ਦੋਸਤੋ!
ਇਕ ਨਵੀਂ ਦੁਨੀਆਂ ਵਸਾਵੇ, ਇਕ ਨਿਗੂਣਾ ਵਲਵਲਾ।

ਇਹ ਇਕੱਠ ਹੈ 'ਖ਼ੁਸ਼ੀ' ਦਾ, ਉਹ ਹੈ 'ਮਜਬੂਰੀ' ਲਈ,
ਇਸ ਦਾ ਨਾਂ 'ਬਾਰਾਤ' ਹੈ ਤੇ ਓਸ ਦਾ ਨਾਂ 'ਕਾਫ਼ਲਾ'।

ਅੱਜ ਆਪਣੇ ਆਪ ਨੂੰ ਹੀ, ਮੇਰਾ ਸਵਾਲ ਹੈ,
ਕਿ ਇਕ ਜਵਾਬ ਨੂੰ ਵੀ ਆਪਣੀ ਹੀ ਭਾਲ ਹੈ।

ਜਿਸ ਚੈਨ ਦੇ ਲਈ, ਤੂੰ ਫਿਰਦਾ ਹੈਂ ਭਟਕਦਾ,
ਤੇਰੇ ਜਨਮ ਤੋਂ ਲੈ ਕੇ, ਤੇਰੇ ਹੀ ਨਾਲ ਹੈ।

ਚਿਹਰੇ ਤੋਂ ਦਾਗ਼ ਲਾਹਵਾਂ, ਸ਼ੀਸ਼ਾ ਖਰੋਚ ਕੇ,
ਬਾ-ਖ਼ਬਰ ਹੀ ਨਹੀਂ ਹਾਂ, ਮੇਰਾ ਇਹ ਹਾਲ ਹੈ।

ਇਕ ਉਮਰ ਬੀਤ ਜਾਵੇ, ਪਰਤਾਂ ਉਤਾਰਦੇ,
ਕਿ ਸਵਾਲ ਦਾ ਜਵਾਬ ਵੀ ਏਥੇ ਸਵਾਲ ਹੈ।

ਪਰਛਾਵਿਆਂ ਦੇ ਨਾਲ, ਸਹਿਮਤ ਨਾ ਹੋ ਸਕਾਂ,
ਪਰਛਾਵਿਆਂ ਦਾ ਆਪਣਾ ਵੱਖਰਾ ਖ਼ਿਆਲ ਹੈ।

'ਪੁੰਨ-ਪਾਪ' ਸਿਰਜ ਦੇਣਾ, ਸੁਧਾਰ ਵਾਸਤੇ,
ਕੁਝ ਦਾਨਿਆਂ ਦੀ, ਖੇਡੀ ਬਾਜ਼ੀ ਦੀ ਚਾਲ ਹੈ।

ਸਚਖੰਡ ਤੇ ਸੁਰਗ ਦਾ ਪ੍ਰੀਤਮ! ਇਹ ਫ਼ਰਕ ਹੈ,
ਪਹਿਲਾ ਜਮਾਲ ਹੈ ਤੇ ਦੂਜਾ ਕਮਾਲ ਹੈ।

ਤਤਕਰਾ

ਜੱਦ[1] ਮੇਰਾ ਵੀ ਹੈ ਤੇ ਤੇਰਾ ਵੀ,
ਇਹ ਕੇਂਦਰ ਵੀ ਹੈ ਤੇ ਘੇਰਾ ਵੀ।

ਤਾਰਿਆਂ ਦੀ ਗਤੀ ਨੂੰ ਕੀ ਆਖਾਂ,
ਇਹ ਹਨੇਰਾ ਵੀ ਹੈ, ਸਵੇਰਾ ਵੀ।

ਹਰੇਕ ਰੂਹ ਦੇ ਆਜ਼ਾਦ ਹੋਣ ਲਈ,
ਪੰਧ ਛੋਟਾ ਵੀ ਹੈ, ਲੰਮੇਰਾ ਵੀ।

ਕੁਝ ਕਰ ਲੈਣ ਦੀ ਤਮੰਨਾ ਹੈ,
ਜੋਸ਼ ਵੀ, ਜਾਨ ਵੀ ਹੈ, ਜੇਰਾ ਵੀ।

ਇਸ ਜਨਮ ਵੀ ਮਿਲ ਸਕੇ ਦੋਵੇਂ,
ਕਿੰਨਾ ਚੰਗਾ ਰਿਹਾ ਇਹ ਫੇਰਾ ਵੀ!

ਹਾਲ ਵਿੱਛੜ ਕੇ ਸੀ ਬੁਰਾ ਪ੍ਰੀਤਮ!
ਸਿਰਫ਼ ਤੇਰਾ ਹੀ ਨਹੀਂ ਮੇਰਾ ਵੀ।

1. ਪਰਿਵਾਰਿਕ ਘੇਰਾ

ਕਹਿ ਰਿਹਾ ਹੈ, "ਦੋਸ਼ ਹੈ ਕਿਸਮਤ ਦਾ, ਈਸ ਦਾ।"
ਕੀਤਾ ਸੀ ਕੰਮ ਆਪ ਹੀ ਨਕਸ਼ਾ-ਨਵੀਸ ਦਾ।

ਉੱਚਾ ਤਾਂ ਬਹੁਤ ਹੁੰਦੈ, ਰੁਤਬਾ ਦਲੀਸ ਦਾ,
ਪਰ ਕੰਮ ਉਸ ਦਾ ਹੁੰਦੈ, ਅਕਸਰ ਖ਼ਵੀਸ ਦਾ।

ਹੈ ਉਮਰ ਇਸ ਜਹਾਨ ਦੀ, ਉਂਜ ਸੈਂਕੜੇ ਵਰ੍ਹੇ,
ਕਹਿੰਦਾ ਹੈ ਆਪਣੇ ਆਪ ਨੂੰ ਹੋਇਆ ਹੈ ਬੀਸ ਦਾ।

ਖ਼ੁਸ਼ੀਆਂ ਦਾ ਵਕਤ ਪੰਛੀ ਬਣਾ ਕੇ ਉੜਾ ਰਿਹੈ,
ਮੈਂ ਗ਼ਮ-ਜ਼ਦਾ ਨਹੀਂ, ਕਿ ਜਾਵੇ ਘੜੀਸਦਾ।

ਉਸ ਦੇ ਜ਼ਬਤ ਨੇ, ਭਾਵੇਂ ਕੁਝ ਵੀ ਨਾ ਸੀ ਕਿਹਾ,
ਮਾਅਨਾ ਤਾਂ ਕੋਈ ਹੈ ਸੀ, ਵੱਟੀ ਕਸੀਸ ਦਾ।

ਤਤਕਰਾ

ਛੁਪਾ ਕੇ ਰੱਖਿਆ ਹੈ ਪਿਆਰ ਉਸ ਦਾ ਕਿ ਜਿਸ ਤਰ੍ਹਾਂ ਇਹ ਗੁਨਾਹ ਹੋਵੇ,
ਕੋਈ ਤਾਂ ਮੰਜ਼ਿਲ ਦੀ ਸੂਝ ਹੋਵੇ! ਕੋਈ ਤਾਂ ਮੰਜ਼ਿਲ ਦਾ ਰਾਹ ਹੋਵੇ!

ਰਵ੍ਹੇ ਜੇ ਕਾਬੂ ਦਿਲ ਦੇ ਉੱਤੇ, ਬਦਨਾਮੀਆਂ ਦਾ, ਨਾਕਾਮੀਆਂ ਦਾ,
ਕੋਈ ਨਾ ਫਿਰ ਕਿਉਂ ਬੇਜ਼ਾਰ ਹੋਵੇ! ਕੋਈ ਨਾ ਫਿਰ ਕਿਉਂ ਤਬਾਹ ਹੋਵੇ!

ਨਾਕਾਮ-ਹਸਰਤ ਹੈ ਡੋਰ ਵਾਂਗੂੰ, ਜੋ ਡੋਰ ਬੰਧਨ ਬਣਾ ਸਕੇ ਨਾ,
ਕਦੇ ਨਾ ਮਿਟਦਾ ਵਜੂਦ ਇਸ ਦਾ, ਇਹ ਭਾਵੇਂ ਸੜ ਕੇ ਸੁਆਹ ਹੋਵੇ।

ਦੁਨੀਆਂ-ਦਾਰੀ ਦਾ ਖਚਖਚਾ ਵੀ, ਛੁਪਾ ਤੇ ਸਕਦਾ ਹੈ ਨਜ਼ਾਰਾ,
ਇਹ ਮਨ ਦੀ ਹਾਲਤ ਬਦਲ ਸਕੇ ਨਾ, ਜੇ ਖ਼ਾਸ ਨੁਕਤਾ-ਨਿਗਾਹ ਹੋਵੇ।

ਰਾਤ ਦੇ ਪੱਲੇ ਚੰਨ ਪੁੰਨਿਆਂ ਦਾ, ਰਾਤ ਦੇ ਪੱਲੇ ਸੁਬਹ ਦਾ ਤਾਰਾ,
ਏਨਾ ਕੁਝ ਹੁੰਦਿਆਂ ਵੀ ਪ੍ਰੀਤਮ! ਇਕ ਨਾ ਇਕ ਪਲ ਫ਼ਨਾਹ ਹੋਵੇ।

ਇੰਜ ਆਪਣੀ ਤਬੀਅਤ ਹੈ, ਜੀਵਨ ਦੇ ਦਬਾ ਅੰਦਰ,
ਪੰਛੀ ਪਰਤੋਲਦਾ ਹੈ, ਪਿੰਜਰੇ ਦੀ ਫ਼ਿਜ਼ਾ ਅੰਦਰ।

'ਜੀਵਨ ਦਾ ਵੱਲ' ਪ੍ਰੀਤਮ! ਮੋਰਾਂ ਤੋਂ ਸਿੱਖ ਲੈਣਾ,
ਖ਼ੁਸ਼ੀਆਂ ਲੱਭ ਲੈਂਦੇ ਨੇ, ਘਨਘੋਰ ਘਟਾ ਅੰਦਰ।

"ਜ਼ਾਲਿਮ ਦਾ ਭਲਾ ਹੋਵੇ", ਮੈਂ ਆਖ ਨਹੀਂ ਸਕਦਾ,
ਹੈ ਪੰਧ ਜ਼ਮੀਰਾਂ ਦਾ, ਮੇਰੇ ਤੇ ਦੁਆ ਅੰਦਰ।

ਜੇ ਸਭ ਦਾ ਭਲਾ ਹੋਵੇ, ਜ਼ਾਲਿਮ ਨਾ ਬਣੇ ਕੋਈ,
ਹੁੰਦੀ ਹੈ ਕਸਰ ਕਿਧਰੇ, ਵੱਖਰੇ ਵਰਤਾ ਅੰਦਰ!

ਬੁਨਿਆਦ ਹੈ ਜੀਵਨ ਦੀ, ਬੁਨਿਆਦ ਤੂਫ਼ਾਨਾਂ ਦੀ,
ਕਿੰਨਾ ਹੈ ਫ਼ਰਕ ਲੇਕਿਨ, ਹਵਾ ਹਵਾ ਅੰਦਰ।

ਕਤਰੇ ਦੇ ਮੋਢੇ ਤੇ, ਨੀਂਹ ਬਣੇ ਸਮੁੰਦਰ ਦੀ,
ਐਸਾ ਹੀ ਰਿਸ਼ਤਾ ਹੈ, ਆਦਮ ਤੇ ਖ਼ੁਦਾ ਅੰਦਰ।

ਡਰ ਕਿੰਨਾ ਸੌਖਾ ਹੀ, ਮਨ ਵਿਚ ਆ ਜਾਂਦਾ ਹੈ,
ਕਿ ਹਵਾ ਦਾ ਇਕ ਝੋਕਾ, ਹੈ ਜਿਵੇਂ ਤਲਾ ਅੰਦਰ।

ਇਹ ਸਮਾਂ ਹੈ, ਐ ਪ੍ਰੀਤਮ! ਇੰਜ ਵਰਗਾ ਨਾ ਹੁੰਦਾ,
ਨਾ ਹੀ ਕਿਸੇ ਧਰਤੀ 'ਤੇ ਨਾ ਕਿਸੇ ਖਲਾਅ ਅੰਦਰ।

ਤਤਕਰਾ

ਕੁਝ ਜਾਇਜ਼ ਕੁਝ ਨਾ-ਜਾਇਜ਼ ਵਜੂਹਾਤ ਮਿਲੇ ਨੇ,
ਜੀਵਨ ਦੇ ਵੱਖਰੇ ਵੱਖਰੇ ਹਾਲਾਤ ਮਿਲੇ ਨੇ।

ਮਜਬੂਰੀਆਂ ਨੇ ਜਦ ਵੀ, ਅੱਗੇ ਲਗਾ ਲਿਆ,
ਖ਼ੁਸ਼ੀਆਂ ਦੀ ਥਾਂ ‘ਤੇ ਅਕਸਰ ਸਦਮਾਤ ਮਿਲੇ ਨੇ।

ਪੱਥਰ ਬੇ-ਦਰਦ ਨਾਲੋਂ ਕੁਝ ਫ਼ਰਕ ਹੋ ਸਕੇ,
ਏਸੇ ਲਈ ਹੀ ਸਾਨੂੰ, ਜਜ਼ਬਾਤ ਮਿਲੇ ਨੇ।

ਕੋਈ ਮੇਰਾ ਨਾਮ ਲੈ ਕੇ ਫਿਰ ਦਸਤਕ ਦੇ ਗਿਆ,
ਏਹੋ ਜਿਹੇ ਭੁਲੇਖੇ, ਦਿਨ ਰਾਤ ਮਿਲੇ ਨੇ।

ਕਿਸੇ ਨੂੰ ਐ ਪ੍ਰੀਤਮ! ਉੱਤਰ ਕੀ ਦੇਵੰਦੇ!!
ਆਪਣੇ ਹੀ ਦਿਲ ਤੋਂ, ਏਨੇ ਸਵਾਲਾਤ ਮਿਲੇ ਨ।

ਜ਼ਿੰਦਗੀ ਦੇ ਆਖ਼ਰੀ ਦਿਨ, ਗਿਣਨਾ ਵੀ ਤਾਂ ਠੀਕ ਨਾ,
ਮੌਤ ਦੇ ਆਵਣ ਤੋਂ ਪਹਿਲਾਂ ਮਰਨਾ ਵੀ ਤਾਂ ਠੀਕ ਨਾ।

ਰੌਸ਼ਨੀ ਦਾ ਇਕ ਪਹਿਲੂ ਹੈ ਖ਼ੁਸ਼ੀ, ਦੂਜਾ ਗ਼ਮੀਂ,
ਅੰਤ, ਕਿਸ ਵੇਲੇ ਹੈ ਹੋਣਾ, ਸੁਣਨਾ ਵੀ ਤਾਂ ਠੀਕ ਨਾ।

ਜਾਣਦੇ ਹਾਂ, ਮੌਤ ਦਾ ਏਥੇ ਨਹੀਂ ਕੋਈ ਇਲਾਜ,
ਲਾ-ਇਲਾਜੀ ਦਾ ਭਰੋਸਾ ਕਰਨਾ ਵੀ ਤਾਂ ਠੀਕ ਨਾ।

ਉਮਰ ਭਰ ਪਹੁੰਚੋ, ਨਾ-ਪਹੁੰਚੋ ਜਿਸ ਜਗਹ ਤੇ ਜਾਵਣਾ,
ਇਕ ਕਦਮ ਮੰਜ਼ਿਲ ਦੇ ਕੋਲੋਂ ਮੁੜਨਾ ਵੀ ਤਾਂ ਠੀਕ ਨਾ।

ਇਕ ‘ਭਰਮ’ ਜੋ ਜ਼ਿੰਦਗੀ ਦੀ ਆਸ ਜੀਂਦੀ ਰੱਖਦਾ,
ਇੱਕ-ਦਮ ਹੀ ਉਸਦਾ ਪ੍ਰੀਤਮ! ਮਿਟਣਾ ਵੀ ਤਾਂ ਠੀਕ ਨਾ।

ਤਤਕਰਾ

ਆਪਣੇ ਲੋਕਾਂ ਦੇ ਗਲ ਤੋਂ ਗ਼ੁਲਾਮੀ ਲਾਹੁਣ ਦੀ ਖ਼ਾਤਿਰ,
ਸੁਤੰਤਰ ਰਾਹ ਦਿਖਾਏ ਨੇ, ਸਦਾ ਕੌਮੀ ਸ਼ਹੀਦਾਂ ਨੇ।

ਕਿ ਇਨਸਾਨ ਵਿਕਣੋ ਹਟ ਜਾਵੇ ਬਾਜ਼ਾਰ ਦੇ ਅੰਦਰ,
ਹੈ ਕੋਸ਼ਿਸ਼ ਤੇ ਬੜੀ ਕੀਤੀ, ਸਮੇਂ ਦੇ ਬੈ-ਖ਼ਰੀਦਾਂ ਨੇ।

ਨਾ ਰਿਗਵੇਦ ਦੀ ਰੱਖੀ ਤੇ ਨਾ ਹੀ ਗ੍ਰੰਥ ਦੀ ਰੱਖੀ,
ਨਵੀਂ ਨੀਤੀ ਹੈ ਅਪਣਾਈ, ਪੰਜ-ਆਬੀ ਜਦੀਦਾਂ ਨੇ।

ਪਤਾ ਨਾ ਲਹੂ-ਪਸੀਨਾ ਕੀ! ਪਤਾ ਨਾ ਕਿ ਮੁਸ਼ੱਕਤ ਕੀ!
ਕਦਰ ਆਪਣੀ ਵਿਰਾਸਤ ਦੀ ਕੀ ਕਰਨੀ ਨਾਦੀਦਾਂ ਨੇ!

ਦਹੀਂ ਵਿਚ ਪਾ ਕੇ ਸ਼ੱਕਰ ਖਾਣ ਵਾਲੇ ਜਾਣਦੇ ਪ੍ਰੀਤਮ!
ਉਨ੍ਹਾਂ ਨੂੰ ਜ਼ਿੰਦਗੀ ਆਪਣੀ ਦੇ ਕੋਲੋਂ ਕੀ ਉਮੀਦਾਂ ਨੇ!

ਘੋਖਿਆ ਹੈ ਜ਼ਿੰਦਗੀ ਨੂੰ ਬਾਰ ਬਾਰ,
ਨਜ਼ਰ ਆਈਆਂ ਦੋਵੇਂ ਪਤਝੜ ਤੇ ਬਹਾਰ।

ਜ਼ਿੰਦਗੀ ਦੇ ਦੁੱਖ, ਸੁਖ ਵੰਡਾਉਣ ਨੂੰ,
ਮੋਢਾ-ਦੇਵਣ-ਵਾਲੇ ਸੀ ਜਾਂ ਸੀ ਕਹਾਰ।

ਬਦਲਦੇ ਮੌਸਮ ਤੋਂ ਜੋ ਘਬਰਾਵੰਦੇ,
ਉੱਡਦੇ ਰਹਿੰਦੇ ਜਿਵੇਂ ਕੂੰਜਾਂ ਦੀ ਡਾਰ।

ਖੇਡ ਖੇਡਣ ਵੇਲੇ ਇਹ ਨਾ ਸੋਚਣਾ,
ਜਿੱਤ ਹੋਵੇਗੀ ਕਿ ਜਾਂ ਹੋਵੇਗੀ ਹਾਰ।

ਕਾਹਲ ਦੇ ਵਿਚ ਸਾਥੀਆਂ ਨੂੰ ਦਰੜ ਨਾ,
ਪੰਛੀਆਂ ਤੇ ਕੀੜੀਆਂ ਦੀ ਤੱਕ ਕਤਾਰ।

ਘੋਖ ਵਾਤਾਵਰਣ ਦੀ ਸੁਖ ਦੇਵੰਦੀ,
ਆ ਰਹੇ ਤੂਫ਼ਾਨ ਦੀ ਮਿਲ ਜਾਏ ਸਾਰ।

ਕੋਸ਼ਿਸ਼ ਤਾਂ ਕਰਨਾ 'ਪ੍ਰੀਤਮ' ਬਣਨ ਦੀ,
ਝੋਲੀ ਵਿਚ ਆ ਪੈਣਗੇ ਸਾਰੇ ਪਿਆਰ।

ਤਤਕਰਾ

ਫ਼ਰਵਰੀ 2011 ਵਿਚ ਮਿਡਲ-ਈਸਟ ਅਤੇ ਉੱਤਰੀ ਅਫ਼੍ਰੀਕਾ ਵਿਚ
ਹਕੂਮਤ ਦੀ ਤਾਨਾਸ਼ਾਹੀ ਦੇ ਖ਼ਿਲਾਫ਼ ਵਿਦਰੋਹ ਨੂੰ ਦੇਖ ਕੇ ਲਿਖੀ।

ਜੰਗਲ ਦੇ ਵਿਚ ਬੁਲਬੁਲ ਕੋਈ, ਬੇਦਿਲ ਹੋਈ ਫਿਰਦੀ ਸੀ,
ਰਾਤ ਕਿਸੇ ਦੀ ਚੰਨ ਚਾਨਣੀ, ਪਾਗਲ ਹੋਈ ਫਿਰਦੀ ਸੀ।

ਇਕ ਤਾਂ ਸੀ ਤੂਫ਼ਨੀ ਬਾਰਿਸ਼, ਦੂਜੇ ਰਾਤ ਹਨੇਰੀ ਸੀ,
ਵਾਤਾਵਰਨ ਦੀ ਹਰ ਇਕ ਨੁੱਕਰ ਦੰਗਲ ਹੋਈ ਫਿਰਦੀ ਸੀ।

ਜੀਵਨ-ਲੋੜਾਂ ਕੀ ਹੁੰਦੀਆਂ ਨੇ! ਉਹ ਧਨਵੰਤ ਨਾ ਜਾਣ ਸਕੇ,
ਉਹਨਾਂ ਦੀ ਤੇ ਹਰ ਇਕ ਇੱਛਾ, ਮੰਜ਼ਿਲ ਹੋਈ ਫਿਰਦੀ ਸੀ।

ਲੋਕਾਂ ਦੇ, ਹਜੂਮ ‘ਚ ਆ ਕੇ ਜਿਗਰੇ ਵੱਡੇ ਹੋ ਜਾਂਦੇ,
ਟਟੀਹਰੀ, ਆਕਾਸ਼ ਨੂੰ ਥੰਮ੍ਹਣ ਕਾਬਿਲ ਹੋਈ ਫਿਰਦੀ ਸੀ।

ਅੱਤ ਦੀ ਗਰਮੀ ਦੇ ਵਿਚ ਆ ਕੇ ਬੂੰਦ ਵਿਚਾਰੀ ਝੁਲਸ ਗਈ,
ਪਿਆਸ ਬੁਝਾਵਣ ਵਾਲੀ ਆਪੂੰ ਬਿਹਬਲ ਹੋਈ ਫਿਰਦੀ ਸੀ।

ਉਸ ਗੁੱਡੀ[1] ਨੂੰ ਫ਼ਿਕਰ ਨਾ ਕੋਈ ਕੀ ਬਣਿਆਂ ਤੇ ਕੀ ਬਣਨਾ,
ਅੱਧ ਅਸਮਾਨੇ ਪੈਲਾਂ ਪਾਉਂਦੀ, ਚੰਚਲ ਹੋਈ ਫਿਰਦੀ ਸੀ।

ਕੋਠੀ ਵਿਚ ਜੇ ਹੋਣ ਨਾ ਦਾਣੇ, ਕਦੋਂ ਸਿਆਣਪ ਰਹਿੰਦੀ ਹੈ!
ਤਾਂ ਹੀ ਤਾਂ ਉਹ ਸਾਊ-ਪਰਜਾ, ਬੇਕਲ ਹੋਈ ਫਿਰਦੀ ਸੀ।

ਬੇ-ਈਮਾਨੀ, ਬੇ-ਰੁਜ਼ਗਾਰੀ, ਬੇ-ਇਨਸਾਫ਼ੀ ਸੀ ਜਿੱਥੇ,
ਸੱਭਿਅਕ ਲੋਕਾਂ ਦੀ ਟੋਲੀ ਵੀ, ਜਾਹਲ ਹੋਈ ਫਿਰਦੀ ਸੀ।

ਸ਼ਾਹ, ਸ਼ੇਖ਼, ਸੁਲਤਾਨ, ਸਿਕੰਦਰ ਹੈ ਸਨ ਜਿਸਨੇ ਚਮਕਾਏ,
ਅੱਜ ਆਪ ਉਹ ਬੁਰਕੇ ਅੰਦਰ ਓਝਲ ਹੋਈ ਫਿਰਦੀ ਸੀ।

ਤੇ ਸ਼ਾਇਦ ਕਦੇ ਇਹ ਆਖ ਸਕਾਂ!

ਖ਼ੁਸ਼ੀਆਂ ਦੀ ਸ਼ਹਿਨਾਈ ਗੂੰਜੇ ਲਹਿਰ ਬਹਿਰ ਅਰਮਾਨਾਂ ਦੀ,
ਲਗਰ ਲਗਰ ਬੂਟੇ ਦੀ ਪ੍ਰੀਤਮ! ਸੰਦਲ ਹੋਈ ਫਿਰਦੀ ਸੀ।

---

. ਗੁੱਡੀ = ਪਤੰਗ, The stone throwing kids

ਤਤਕਰਾ

ਜਹਾਂ ਕੁਛ ਦੇਰ ਪਹਿਲੇ ਨਾ ਥਾ, ਪਰਬਤ ਦੇਖਨਾ ਯਾਰੋ!
ਤੂਫ਼ਾਨੀ ਦੌਰ ਮੇਂ ਜ਼ੱਰੋਂ ਕੀ ਹਿੰਮਤ ਦੇਖਨਾ ਯਾਰੋ!

ਹਮ ਨੇ ਪੁਰ-ਖ਼ਤਰ ਮਹੌਲ ਮੇਂ ਰਸਤੇ ਬਨਾਏ ਹੈਂ,
ਕਜ਼ਾ ਮੇਂ ਜ਼ਿੰਦਗੀ ਬੋਨੇ ਕੀ, ਜੁੱਰਤ ਦੇਖਨਾ ਯਾਰੋ!

ਆਜ਼ਾਦੀ ਗੋਰੇ ਤਨ ਸੇ ਲੇਨੀ, ਕਾਲੇ ਮਨ ਸੇ ਨਾ ਲੇਨੀ,
ਦੂਰ-ਅੰਦੇਸ਼ੀ ਸੇ ਯਿਹ ਕੋਰੀ ਹਸਰਤ ਦੇਖਨਾ ਯਾਰੋ!

ਜਿਨਹੋਂ ਨੇ ਬਾਗ ਤੋ ਲਾਏ ਮਗਰ ਰਾਖੀ ਨਾ ਕਰ ਪਾਏ,
ਉਨ ਮਿਹਨਤ-ਕਸ਼ੋਂ ਕੀ, ਭਾਰੀ ਗਫ਼ਲਤ ਦੇਖਨਾ ਯਾਰੋ!

ਮਜ਼੍ਹਬ ਕੋ ਅਪਨੇ ਸਾਂਚੇ ਢਾਲ ਕੇ, ਸਬ ਨੇ ਹੀ ਬਦਲਾ ਹੈ,
ਅਬ ਇਸ ਬੇਚਾਰੇ ਕੀ, ਬਿਗੜੀ ਸੂਰਤ ਦੇਖਨਾ ਯਾਰੋ!

ਉਨਕੀ ਯੇਹ ਮਜਾਲ ਕਿ ਵੋ ਬਨੇ ਹੈਂ ਰੱਬ ਕੇ ਰਖਵਾਲੇ,
ਕਹਾਂ ਸੇ ਮਿਲਤੀ ਹੈ ਉਨਕੋ, ਯੇਹ ਤਾਕਤ ਦੇਖਨਾ ਯਾਰੋ!

ਹੈ ਮਾਲੂਮ ਕਿ ਸਬ ਕੁਛ ਯਹੀਂ ਹਮ ਛੋੜ ਜਾਏਂਗੇ,
ਫਿਰ ਭੀ ਅਪਨਾ ਯੇ ਸਾਮਾਨ-ਏ-ਰੁਖ਼ਸਤ ਦੇਖਨਾ ਯਾਰੋ!

ਪਤਾ ਹੋਤੇ ਹੂਏ ਭੀ ਕਿ ਗ਼ਲਤ ਹੈ ਕਾਮ ਯੇਹ ਪ੍ਰੀਤਮ!
ਫਿਰ ਭੀ ਵੋਹੀ ਕਰਨੇ ਕੀ, ਯੇ ਫ਼ਿਤਰਤ ਦੇਖਨਾ ਯਾਰੋ!

ਕੁਝ ਇਕ ਖ਼ਾਸ-ਕਹਾਣੀਆਂ ਹੋਸਣ, ਸਾਡੀ ਤਾਂ ਹੈ ਆਮ,
ਕਿਸ਼ਤਾਂ ਦੇ ਵਿਚ ਸਫ਼ਰ ਹੈ ਕੀਤਾ, ਕਿਸ਼ਤਾਂ ਵਿਚ ਆਰਾਮ।

ਚੱਲਦੇ ਨੇ ਜੋ ਨਾਲ ਸਮੇਂ ਦੇ, ਸੰਪਰਦਾ ਨਾ ਮੰਨਦੇ,
ਨਾ ਕੋਈ ਸੁਬਹ ਉਨ੍ਹਾਂ ਦੀ ਹੁੰਦੀ, ਨਾ ਕੋਈ ਹੁੰਦੀ ਸ਼ਾਮ।

ਕੱਟੀ ਹੋਈ ਪਤੰਗ ਨੂੰ ਲੁੱਟਦਾ, ਕੋਠੇ ਉੱਤੋਂ ਡਿੱਗਾ,
ਇਸ ਦੁਨਿਆਵੀ ਖੇਡ ‘ਚ ਦੇਖਾਂ, ਦੋਹਾਂ ਦਾ ਅੰਜਾਮ।

ਉਸ ਦੇ ਹੰਝੂਆਂ ਦੀ ਦੌਲਤ ਦਾ, ਇਵਜ਼ ਨਾ ਕੋਈ ਮਿਲਦਾ,
ਜਿਸ ਦਾ ਸਬਰ ਸਲਾਮਤ ਹੋਵੇ, ਐਪਰ ਇਸ਼ਕ ਨਾਕਾਮ।

ਨਾ ਹੀ ਮਹਾਂਪੁਰਖ ਹਾਂ ਕੋਈ, ਨਾ ਹੀ ਮੈਂ ਪੈਗ਼ੰਬਰ,
ਨਾ ਹੀ ਮੇਰੀ ਕੋਈ ਨਸੀਹਤ, ਨਾ ਪ੍ਰੀਤਮ! ਪੈਗ਼ਾਮ।

ਤਤਕਰਾ

ਕਦਮ ਛੋੜਤੇ ਜਾ ਰਹੇ ਹੈਂ ਨਿਸ਼ਾਂ,
ਮਗਰ ਰੇਤ ਮੇਂ ਕੱਲ ਮਿਲੇਂਗੇ ਕਹਾਂ!

ਖ਼ੁਦਾ ਭੀ ਮਿਲਾ ਤੋ ਬਹਿਰਾ ਮਿਲਾ,
ਕਰੂੰ ਕੈਸੇ! ਦਿਲ ਕੀ ਬਾਤੇਂ ਬਯਾਂ।

ਕਦਮ ਡੋਲਨੇ ਸੇ ਨਾ ਬਚ ਪਾਏਂਗੇ,
ਹਰ ਪਲ ਹੀ ਧਰਤੀ ਘੂੰਮੇ ਯਹਾਂ।

ਦੇਖਾ ਹੈ ਕਿ ਵਕਤ ਰੁਕਤਾ ਨਹੀਂ,
ਨਾ ਸਮਝੇ ਮਗਰ ਹੈ ਕਹਾਂ ਕੋ ਰਵਾਂ!

ਅਜੀ ਯੇ ਤੋ ਕਲ ਕੀ ਹੀ ਬਾਤ ਹੈ,
ਤੁਮ ਭੀ ਹਸੀਂ ਥੇ, ਹਮ ਭੀ ਜਵਾਂ।

ਅਮਨ-ਚੈਨ ਚਾਹਾ ਤੋ ਐਸਾ ਮਿਲਾ,
ਕਿ ਪੱਲੇ ਪੜੀ ਹੈਂ ਯੇ ਤਨਹਾਈਆਂ।

ਚਿੱਠੀ ਕੀ ਹੈਂ ਯਾ ਫਿਰ ਕਾਸਿਦ ਕੀ,
ਪ੍ਰੀਤਮ! ਵੋਹ ਪਹਿਲੇ ਸੀ ਬਾਤੇਂ ਕਹਾਂ!

ਮੇਰੇ ਜਿਸਮ ਦੇ ਆਕਾਰ ਤੋਂ, ਬਾਹਰ ਵਜੂਦ ਤੇਰਾ,
ਮੇਰੀ ਜ਼ਿੰਦਗੀ ਦੀ ਸਾਰ ਤੋਂ, ਬੇਖ਼ਬਰ ਵਜੂਦ ਤੇਰਾ।

ਇੰਜ ਹੈ ਦਿਲਾਂ 'ਚ ਉੱਸਰੀ ਦੀਵਾਰ ਤਲਖ਼ੀਆਂ ਦੀ,
ਮੇਰੀ ਰੂਹ ਦੀ ਮਾਂਦਗੀ ਤੋਂ, ਬੇਅਸਰ ਵਜੂਦ ਤੇਰਾ।

ਪੱਥਰ ਨਾ ਪਹਿਨ ਤਨ 'ਤੇ, ਸ਼ੀਸ਼ੇ ਦੇ ਮਹਿਲ ਅੰਦਰ,
ਕਿਤੇ ਰਹਿ ਨਾ ਜਾਏ ਹੋ ਕੇ ਦੂਭਰ ਵਜੂਦ ਤੇਰਾ।

ਜੇ ਨਾ ਰਾਸ ਆਈ ਰੂਹ ਨੂੰ, ਔਕਾਤ ਨ੍ਹੇਰਿਆਂ ਦੀ,
ਬੇ-ਚੈਨ ਹੀ ਰਹੇਗਾ , ਤਾ-ਸਹਰ ਵਜੂਦ ਤੇਰਾ।

'ਪ੍ਰੀਤਮ' ਦੀ ਦੁਨੀਆਂ ਬਦਲੀ ਕਿੰਜ ਹੈ ਬਗ਼ੈਰ ਤੇਰੇ,
ਆ ਦੇਖ! ਕਰ ਰਿਹਾ ਸੀ, ਕੀ ਅਸਰ ਵਜੂਦ ਤੇਰਾ।

ਤਤਕਰਾ

ਕੁਦਰਤ ਦਾ ਰੰਗੀਨ ਫ਼ਲਸਫ਼ਾ, ਮੌਸਮ ਪੈਦਾ ਕਰਦਾ ਹੈ।
ਕਿਧਰੇ ਖ਼ੁਸ਼ੀਆਂ ਕਿਧਰੇ ਗ਼ਮੀਆਂ ਹਰਦਮ ਪੈਦਾ ਕਰਦਾ ਹੈ।

ਚੰਗਿਆਈ ਦੀ ਮੰਜ਼ਿਲ ਦੇ ਵੀ ਵੱਖਰੇ ਵੱਖਰੇ ਰਾਹ ਹੁੰਦੇ,
ਜ਼ੁਲਮ ਮਿਟਾਵਣ ਦਾ ਜਜ਼ਬਾ ਵੀ, ਮੁਜਰਮ ਪੈਦਾ ਕਰਦਾ ਹੈ।

ਡਿੱਗ ਕੇ ਸੰਭਲਣ ਦੇ ਵਾਸਤੇ, ਦੇਰ ਹੋਈ ਤਾਂ ਕੀ ਹੋਇਆ!
ਚੰਦ ਏਕਮ ਦਾ ਹੌਲੀ ਹੌਲੀ ਪੂਨਮ ਪੈਦਾ ਕਰਦਾ ਹੈ।

ਮਾਨਵਤਾ ਦੇ ਦੁੱਖ-ਸੁਖ ਅੰਦਰ, ਕੁਦਰਤ ਹੱਥ ਵਟਾਉਂਦੀ ਹੈ,
ਮਨ ਦੀ ਪੀੜ ਤੇ ਰੁੱਖ ਦਾ ਰਿਸ਼ਤਾ, ਗੌਤਮ ਪੈਦਾ ਕਰਦਾ ਹੈ।

ਹਰ ਇਕ ਸ਼ੈਅ ਦੇ ਵਾਂਗ ਜਦੋਂ ਤੂਫ਼ਾਨ ਕੋਈ ਮਿਟ ਜਾਂਦਾ ਹੈ,
ਸ਼ੋਰ ਸ਼ਰਾਬਾ ਖ਼ਾਮੋਸ਼ੀ ਦਾ ਆਲਮ ਪੈਦਾ ਕਰਦਾ ਹੈ।

ਜਦੋਂ ਕਿਸੇ ਮਸਤੀ ਦਾ ਆਲਮ, ਆ ਜਾਵੇ ਮਨ ਦੇ ਅੰਦਰ,
ਸਾਜ਼ ਕੋਈ ਹੋਵੇ ਨਾ ਹੋਵੇ, ਸਰਗਮ ਪੈਦਾ ਕਰਦਾ ਹੈ।

ਕੋਈ ਇਨ੍ਹਾਂ ਨੂੰ ਮੋਤੀ ਆਖੇ, ਕੋਈ ਹੰਝੂ ਕਹਿੰਦਾ ਹੈ,
ਇੱਕੋ ਤਰ੍ਹਾਂ ਹੀ ਭਾਵੇਂ ਮੌਸਮ, ਸ਼ਬਨਮ ਪੈਦਾ ਕਰਦਾ ਹੈ।

ਪਸ਼ੂ ਪੰਛੀਆਂ ਦੇ ਵੱਸ ਦੀ ਤਾਂ ਗੱਲ ਨਹੀਂ ਹੈ ਇਹ ਪ੍ਰੀਤਮ,
ਆਪਣਾ ਰਾਜ਼ ਖੋਲ੍ਹਣ ਲਈ ਕਰਤਾ ਆਦਮ ਪੈਦਾ ਕਰਦਾ ਹੈ।

ਤਤਕਰਾ

ਵਗਦੇ ਪਾਣੀ ਦੇ ਵਿਚ ਪੱਥਰ ਇੰਜ ਪਿਆ ਹੈ,
ਜਿਵੇਂ ਕੋਈ ਅਣਮੋਲ ਖ਼ਜ਼ਾਨਾ ਸਾਂਭ ਲਿਆ ਹੈ।

ਸਾਗਰ ਕੰਢੇ ਬੈਠ ਕੇ ਦਿਲ-ਪਰਚਾਵੇ ਖ਼ਾਤਿਰ,
ਮਹਿਲ ਬਣਾ ਰੇਤਾ ਦਾ ਭਾਵੇਂ ਥੁਹੜ-ਚਿਰਾ ਹੈ।

ਇਹ ਧਰਤੀ, ਰਾਹੀ ਦੇ ਪੈਰਾਂ ਹੇਠ ਵਿਛੀ ਸੀ,
ਉਹ ਕਿੰਨਾਂ ਨਿਰਮੋਹੀ ਸੀ ਜੋ ਛੱਡ ਗਿਆ ਹੈ!

ਸਾਂਭ ਕੇ ਰੱਖੀ ਚੀਜ਼ ਕਦੇ ਤਾਂ ਕੰਮ ਆਵੇਗੀ!
ਆਮ-ਆਦਮੀ, ਸਾਲਾਂ-ਬੱਧੀ ਨਾ ਸੁੱਟਦਾ ਹੈ।

ਨਦੀ, ਕਿੰਨੀ ਵੀ ਲੰਬੀ ਹੋਵੇ, ਮੁੱਕ ਜਾਂਦੀ ਹੈ,
ਮੰਜ਼ਿਲ ਉੱਤੇ, ਸਹਿਰਾ ਜਾਂ ਸਾਗਰ ਹੁੰਦਾ ਹੈ।

ਦੇਖਣਾ ਸੁਣਨਾ ਸੁੰਘਣਾ ਛੂਹਣਾ ਤੇ ਸਾਹ ਲੈਣਾ,
ਕਿਸੇ ਦੇ ਕੋਲੋਂ, ਕੋਈ ਬੱਚਾ ਕਦ ਸਿੱਖਦਾ ਹੈ!

ਸ਼ਬਦ ਉਨ੍ਹਾਂ ਲਈ ਹਾਲੇ ਤਕ ਵੀ ਹੈਨ ਅਧੂਰੇ,
ਜਿੰਨੇ ਰੰਗੀਂ, ਰੰਗਣ ਵਾਲਾ, ਰੰਗ ਰਿਹਾ ਹੈ।

ਉਂਜ ਤੇ ਇਹ ‘ਗ੍ਰੰਥ’ ਹੈ ਪੂਰੀ ਮਾਨਵਤਾ ਦਾ,
ਇੱਕੋ ਲਿੱਪੀ ਵਿਚ, ਬਸ ਏਥੇ ਹੀ ਛਪਦਾ ਹੈ।

ਧਰਤੀ ਬੰਜਰ ਹੋਈ ਹੈ ਤਾਂ ਫਿਰ ਕੀ ਹੋਇਆ!
ਬੀਜ ਤਾਂ ਪ੍ਰੀਤਮ ਪੱਥਰਾਂ ਵਿਚੋਂ ਵੀ ਉੱਗਦਾ ਹੈ।

ਤਤਕਰਾ

ਉਹ ਤਸੱਵਰ ਵੀ ਕਿਸੇ ਅੰਮ੍ਰਿਤ ਦਾ ਪ੍ਰੀਤਮ ਕੀ ਕਰੇ!
ਜੋ ਵੀ ਸਮਝੇ ਏਸ ਕੁਦਰਤ ਨੂੰ, ਮਰਨ ਤੋਂ ਨਾ ਡਰੇ।

ਏਸ ਕੁਦਰਤ ਵਿਚ ਹਮੇਸ਼ਾ ਤਾਜ਼ਗੀ ਰੱਖਣ ਲਈ,
ਇਹ ਜ਼ਰੂਰੀ ਹੈ ਕਿ ਏਥੇ ਜੋ ਵੀ ਜਨਮੇ ਉਹ ਮਰੇ।

ਧਰਤੀਆਂ ਦੇ ਵਾਸਤੇ, ਕਿਉਂ ਨਿਯਮਤ ਰਾਹ ਨੇ?
ਹਨ ਬੜੇ ਅਸਮਾਨ ਪਸਰੇ, ਆਸਮਾਨਾਂ ਤੋਂ ਪਰੇ।

ਰੱਖਿਆ ਹੈ ਧਰਤੀਆਂ ਨੂੰ ਇੰਜ ਕਿਸੇ ਸ਼ਿਸ਼ਕੇਰ ਕੇ,
ਆਈ ਤੇ ਆ ਕੇ ਵੀ ਕੋਈ, ਕਦਮ ਪਾਸੇ ਨਾ ਧਰੇ।

ਕਿਹੜੀ ਖਿੱਚ ਦਾ ਢਿੱਡ ਏਦਾਂ ਖਾਂਦੇ ਖਾਂਦੇ ਪਾਟਿਆ?[1]
ਤੇ ਜਾ ਨਗੀਨੇ ਖਿੱਲਰੇ, ਅਸਮਾਨ ਦੀ ਹਰ ਨੁੱਕਰੇ।

ਇੱਛਣ-ਵਾਲੇ [2] ਦੀ ਕਦੇ ਜੇ ਇੱਛਾ-ਸ਼ਕਤੀ ਨਾ ਰਹੀ,
ਨਾਭ-ਕਮਲ 'ਚੋਂ ਕਿੰਜ ਕੋਈ ਫੇਰ ਬ੍ਰਹਮਾਂ ਉੱਭਰੇ।

ਨੁਕਤਾਚੀਨੀ ਆਪਣੇ ਵੀ ਦਿਲ ਨੂੰ ਕਲਪਾ ਕੇ ਗਈ,
ਜੇ ਸੁਖੀ ਰਹਿਣਾ ਤਾਂ ਪ੍ਰੀਤਮ! ਨਾ ਪਰਖ ਖੋਟੇ ਖਰੇ।

---

1. ਬਿੱਗ-ਬੈਂਗ ਵੱਲ ਇਸ਼ਾਰਾ ਹੈ। 2. ਪਰਮਾਤਮਾ

ਕੱਲ੍ਹ ਤੇਰੇ ਪਰਵਾਨਿਆਂ ਦੀ ਪ੍ਰਸਿਥਿੱਤੀ ਹੋਰ ਸੀ,
ਕੱਲ੍ਹ ਅਮਾਵਸ ਰਾਤ ਸੀ, ਕ੍ਹੱਲ ਦੀ ਮਿੱਤੀ ਹੋਰ ਸੀ।

ਅੱਜ ਅਸਾਂ ਦਿਲ ਨੂੰ ਮਨਾ ਕੇ, ਤੈਨੂੰ ਮਨੋਂ ਭੁਲਾ ਲਿਆ,
ਕੱਲ੍ਹ ਤੇਰੇ ਬਿਨ ਜੀਣ ਦੀ, ਸਾਡੀ ਦੁਚਿੱਤੀ ਹੋਰ ਸੀ।

ਪਿਆਰ ਵਿਕਦਾ ਦੇਖ ਕੇ ਦੰਗ ਰਹਿ ਗਏ, ਘਬਰਾ ਗਏ,
ਦੌਲਤਮੰਦਾਂ ਤੋਂ ਅਸਾਂ, ਬਾਜ਼ੀ ਜੋ ਜਿੱਤੀ ਹੋਰ ਸੀ।

ਕਹਿਣ ਨੂੰ ਤਾਂ ਉਹ ਮਾਮੂਲੀ, ਛੱਲਾ ਸੀ ਜੋ ਦੇ ਗਿਆ,
ਉਸ ਨਿਸ਼ਾਨੀ ਵਿਚ ਛੁਪਾਕੇ, ਸ਼ੈਅ ਜੋ ਦਿੱਤੀ ਹੋਰ ਸੀ।

ਘਟ ਗਿਆ ਹੈ ਜੋਸ਼ ਤੇ ਹੁਣ ਘਟੀਆਂ ਬਦ-ਗੁਮਾਨੀਆਂ,
ਵਿਚ ਜਵਾਨੀ ਦੇ ਪ੍ਰੀਤਮ! ਇਹ ਸਥਿੱਤੀ ਹੋਰ ਸੀ।

ਤਤਕਰਾ

ਝੂਠ ਵਾਂਗੂੰ ਸੱਚ ਦਾ ਦਰਜਾ ਨਹੀਂ,
ਸੱਚ ਕਦੇ ਵਧਦਾ ਨਹੀਂ, ਘਟਦਾ ਨਹੀਂ।

ਦੇਖ! ਜਿੰਨੀ 'ਕਾਇਨਾਤ' ਦੇਖਣੀ,
ਏਸ ਨੇ ਕੀਤਾ ਕਦੇ ਪਰਦਾ ਨਹੀਂ।

ਇਹ ਕੁਦਰਤ, ਹੈ ਸਹਾਰਾ ਜੀਣ ਦਾ,
ਆਦਮੀ ਦਾ ਏਸ ਬਿਨ ਸਰਦਾ ਨਹੀਂ।

ਹੈ ਸਚਾਈ ਕਿੰਜ ਸਾਥੋਂ ਛੁਪ ਰਹੀ!
ਚੰਦ ਕਦੇ ਘਟਦਾ ਨਹੀਂ, ਵਧਦਾ ਨਹੀਂ।

ਅੱਖ ਜੇ ਪੈਮਾਨਾ ਹੈ ਤਾਂ ਜਾਣ ਲੈ,
ਇਹ ਤਾਂ ਹੀ ਚੰਗਾ ਹੈ ਜੇ ਭਰਦਾ ਨਹੀਂ।

ਜੋ ਕਿਸੇ ਦੇ ਹੱਕ ਦੇ ਲਈ ਮਿਟ ਗਿਆ,
ਦੇਖਿਆ ਹੈ, ਉਹ ਕਦੇ ਮਰਦਾ ਨਹੀਂ।

ਓਸ ਸੰਨਿਆਸੀ ਦੀ ਕਰਨੀ ਕੀ ਉਡੀਕ!
ਉਹ ਤੇ ਘਰ ਦਾ ਹੋ ਕੇ ਵੀ ਘਰਦਾ ਨਹੀਂ।

ਦਿਨ ਮੇਰੀ ਇਕੱਲਤਾ ਦੇ ਬਦਲ ਜਾਂਦੇ ਤਾਂ ਚੰਗਾ ਸੀ,
ਜਿੰਨ੍ਹਾਂ ਮੋੜ ਤੇ ਮਿਲਣਾ ਸੀ ਮਿਲ ਜਾਂਦੇ ਤਾਂ ਚੰਗਾ ਸੀ।

ਅੱਖਰ ਸਾੜਿਆਂ ਸੜਦੇ ਨਹੀਂ ਹਨ, ਜ਼ਿਹਨ ਦੇ ਵਿੱਚੋਂ,
ਖ਼ਤਾਂ ਦੇ ਨਾਲ ਜਜ਼ਬੇ ਵੀ, ਜਲ ਜਾਂਦੇ ਤਾਂ ਚੰਗਾ ਸੀ।

ਨਹੀਂ ਹੈ ਕੋਝ 'ਤੇ ਸ਼ਿਕਵਾ ਕੋਈ, ਮੇਰੇ ਵਿਕਾਰਾਂ ਨੂੰ,
ਹੁਸਨ ਦੇ ਕੋਲ ਜਾ ਕੇ ਜੇ ਸੰਭਲ ਜਾਂਦੇ ਤਾਂ ਚੰਗਾ ਸੀ।

ਕਿਸੇ 'ਅਹਲਿਆ' ਵਾਂਗੂੰ ਨਜ਼ਰ ਪਥਰਾ ਗਏ ਜਿਹੜੇ,
ਗ਼ਮ ਦੀਦੇ ਦੇ ਹੰਝੂਆਂ ਵਿਚ ਢਲ ਜਾਂਦੇ ਤਾਂ ਚੰਗਾ ਸੀ।

ਨੀ ਜਿੰਦੇ! ਤੇਰੇ ਵਿਹੜੇ ਜੋ ਬੜੇ ਚਾਵਾਂ ਨਾ' ਬੀਜੇ ਸੀ,
ਜੇ ਅਰਮਾਨ ਪ੍ਰੀਤਮ ਦੇ ਵੀ ਫਲ ਜਾਂਦੇ ਤਾਂ ਚੰਗਾ ਸੀ।

ਤਤਕਰਾ

ਦੀਵਾ, ਜੋ ਨੇ੍ਹਰੀ ਦੇ ਵਿਚ ਜਗਾ ਗਿਆ,
ਨੰਗੇ ਪੈਰੀਂ ਕੰਡਿਆਂ ਨੂੰ ਠੁਕਰਾ ਗਿਆ।

ਕੰਢਿਆਂ ਤੋਂ ਬਾਹਰ ਵੀ, ਜੋ ਵਹਿ ਗਿਆ,
ਅੱਗ, ਠੰਡੇ ਪਾਣੀਆਂ ਨੂੰ ਲਾ ਗਿਆ।

ਹਾਣੀਆਂ ਦੇ ਨਾਲ ਨਾ ਜੋ ਜੀਵਿਆ,
ਓਸ ਦਾ ਫਿਰ ਜਨਮ ਤਾਂ ਬਿਰਥਾ ਗਿਆ।

ਉਹ, ਜਿਸ ਨੇ ਗੂੜ੍ਹੀਆਂ ਲਾਈਆਂ ਨਹੀਂ,
ਆਖ਼ਰੀ ਜੀਵਨ ਦੇ ਵਿਚ 'ਕੱਲਾ ਗਿਆ।

ਜਦ ਕਿਸੇ, ਪੱਥਰ ਸੁਨਹਿਰੀ ਚੁਗ ਲਿਆ,
ਆਪਣੇ ਟੁੱਟੇ ਦਿਲ ਦਾ ਚੇਤਾ ਆ ਗਿਆ।

ਜਿੰਨਾਂ ਦਾਮਨ, ਸਾਫ਼ ਨੀਅਤ ਕੋਲ ਸੀ,
ਐ ਪ੍ਰੀਤਮ! ਬਿਨ ਮੰਗੇ ਭਰਦਾ ਗਿਆ।

ਤੁਰਦੀ ਤੁਰਦੀ ਹੈ ਜਵਾਨੀ ਤੁਰ ਗਈ,
ਪਹਿਲਵਾਨਾਂ! ਪਹਿਲਵਾਨੀ ਤੁਰ ਗਈ।

ਸਿੱਪੀ 'ਚੋਂ 'ਮੋਤੀ' ਵਿਦਾਈ ਲੈ ਲਈ,
ਉਸ ਵਿਚਾਰੀ ਦੀ ਰਵਾਨੀ ਤੁਰ ਗਈ।

ਤਾਕਤ ਜਿਸ ਦਿੱਤੀ ਵਾਪਿਸ ਲੈ ਲਈ,
ਉਹ ਤੇ ਹੈ ਹੀ ਸੀ ਬੇਗ਼ਾਨੀ ਤੁਰ ਗਈ।

ਮੁੱਲ ਤਾਰੇਗਾ ਕੋਈ, 'ਅਹਿਸਾਸ' ਦਾ,
ਜਦ ਮੁਹੱਬਤ ਦੀ ਨਿਸ਼ਾਨੀ ਤੁਰ ਗਈ।

ਰੂਪ ਨਵਾਂ ਹੈ ਧਾਰਿਆ ਜਦ 'ਲੱਛਮੀ',
ਟਕਾ, ਆਨਾ ਤੇ ਦੁਆਨੀ ਤੁਰ ਗਈ।

ਢਲ਼ ਰਹੇ ਪਰਛਾਵਿਆਂ ਦੇ ਨਾਲ ਹੀ,
ਚੜ੍ਹਦੇ ਸੂਰਜ ਦੀ ਨਿਸ਼ਾਨੀ ਤੁਰ ਗਈ।

ਜਿਸਮ ਤਾਂ ਹਾਲੇ ਵੀ ਮੁਰਦੇ ਕੋਲ ਹੈ,
ਪਰ ਪ੍ਰੀਤਮ! ਜ਼ਿੰਦਗਾਨੀ ਤੁਰ ਗਈ।

ਤਤਕਰਾ

ਦੂਸਰਿਆਂ ਨੂੰ ਦੋਸ਼ੀ ਕਹਿਣਾ, ਅਕਸਰ ਬੜਾ ਸੁਖਾਲਾ ਹੈ,
ਚਾਨਣ ਵਿਚ ਜੇ ਦੇਖਿਆ ਜਾਵੇ ਆਪਣਾ ਅਕਸ ਵੀ ਕਾਲਾ ਹੈ।

ਇਕ ਦਾਣੇ ਨੂੰ ਪੀਸਿਆ ਜਾਂਦਾ ਇਕ ਨੂੰ ਬੀਜਿਆ ਜਾਂਦਾ ਹੈ,
ਕਿਸ ਦੀ ਝੋਲੀ ਕੀ ਕੁਝ ਪੈਣਾ! ਕਿੰਨਾ ਖੇਲ ਨਿਰਾਲਾ ਹੈ!!

ਦੇਖੋ! ਅੰਗ ਸਰੀਰ ਦੇ, ਕੀ ਕੀ ਇਕ ਦੂਜੇ ਲਈ ਕਰਦੇ ਨੇ!
ਅੱਖਾਂ ਉਸ ਨੂੰ ਢੂੰਢਣ ਪਈਆਂ, ਦਿਲ ਜਿਸ ਦਾ ਮਤਵਾਲਾ ਹੈ।

ਝੂਠ ਦੇ ਕਬਜ਼ੇ ਵਿਚ, ਜਦੋਂ ਮਜਬੂਰ ਸਚਾਈ ਹੋਵੇਗੀ,
ਉਹ ਛੇਤੀ ਹੀ ਭਬਕ ਪਵੇਗਾ, ਜੋ ਸੱਚ ਬੋਲਣ ਵਾਲਾ ਹੈ।

ਧਰਤੀ ਦੇ ਜੀਵਨ ਦੀ ਭਾਵੇਂ 'ਲੋੜ' ਤਾਂ ਪੂਰੀ ਕਰਦਾ ਹੈ,
ਮਿੱਟੀ ਨੂੰ ਤਕਸੀਮ ਕਰ ਗਿਆ, ਸਾਗਰ ਹੈ ਜਾਂ ਨਾਲਾ ਹੈ।

ਇਸ ਧਰਤੀ ਨੂੰ 'ਸ਼ਾਂਤ' ਹੁੰਦਿਆਂ ਹੋਰ ਬਹੁਤ ਚਿਰ ਲੱਗੇਗਾ,
ਉੱਪਰੋਂ ਤਾਂ ਮਾਂ ਦੀ ਮਮਤਾ ਹੈ, ਅੰਦਰ ਅਜੇ 'ਜਵਾਲਾ' ਹੈ।

ਗਿਆਨ, ਸਦਾ ਹੀ ਨ੍ਹੇਰ ਮਿਟਾ ਕੇ, ਰਾਹ ਦਿਖਾਈ ਜਾਵੇਗਾ,
ਇਹ, ਹਰ ਯੁਗ ਦੇ ਖੋਜੀ ਦੇ ਲਈ ਐਸਾ ਇਕ ਉਜਾਲਾ ਹੈ।

ਏਸ ਜਗਹ ਦੇ ਬਹੁਤੇ ਲੋਕੀ ਪਰਛਾਂਵੇਂ ਤੋਂ ਡਰਦੇ ਨੇ,
ਬੇ-ਯਕੀਨੀ ਏਨੀ ਹੈ ਕਿ ਆਪਣੇ ਆਪ ਦਾ ਪਾਲਾ ਹੈ।

ਇਸ ਦਰਵਾਜ਼ੇ ਦੇ ਉੱਤੇ, ਹੁਣ ਦਸਤਕ ਦੇਣੀ ਕੀ! ਪ੍ਰੀਤਮ!!
ਇਸ ਦਰਵਾਜ਼ੇ ਦੇ ਉੱਤੇ ਤਾਂ ਬੜੇ ਚਿਰਾਂ ਦਾ ਤਾਲਾ ਹੈ।

ਤਤਕਰਾ

ਜਾਗੇ ਮਨ ਦੀਆਂ ਅੱਖਾਂ ਇਹ ਕੀ ਦੇਖਦੀਆਂ!
ਅੰਬਰਾਂ ਦੀ ਪਹਿਚਾਣ ਦੀ ਧਰਤੀ ਦੇਖਦੀਆਂ।

ਕੱਟੇ ਜਾਵਣ ਖੰਭ ਤਾਂ ਫਿਰ ਕਿਉਂ ਨਾ ਉੱਗਦੇ?
ਸੋਚਾਂ, ਇਸ ਦਾ ਕੌਣ ਹੈ 'ਦੋਸ਼ੀ' ਦੇਖਦੀਆਂ।

ਕਿਸ ਨੇ, ਕਿਸੇ ਦੀ ਖ਼ਾਤਰ ਕੀ ਕੀ ਕੀਤਾ ਹੈ?
ਸੁਲਝੀਆਂ ਰੂਹਾਂ, ਏਹੋ 'ਨੇਕੀ' ਦੇਖਦੀਆਂ।

ਭੁੱਖੀਆਂ ਜਿੰਦਾਂ, ਚੰਦ-ਚਾਨਣੀ ਕੀ ਮਾਨਣ!
ਉਸਦੀ ਗੋਲਾਈ ਵਿਚ, ਰੋਟੀ ਦੇਖਦੀਆਂ।

ਉਹ ਰੂਹਾਂ ਜੋ ਨਿੱਘ ਤੇ ਚਾਨਣ ਖੋਜਦੀਆਂ,
ਪੱਥਰਾਂ ਦੀ ਖਹਿਬੜ ਵਿਚ, ਜੋਤੀ ਦੇਖਦੀਆਂ।

ਘਰ ਤਾਂ ਉਹ ਹੁੰਦਾ ਹੈ, ਜਿਸ ਥਾਂ ਸ਼ਰਨ ਮਿਲੇ,
ਜਿਵੇਂ ਕਿਸੇ ਬੁਲਬੁਲ ਨੂੰ ਖਿੜਿਆ ਚਮਨ ਮਿਲੇ।

'ਸਰਸਵਤੀ' ਦੀ ਦੌਲਤ, ਝੋਲੀ ਪਾ ਦਾਤਾ!
ਲਫ਼ਜ਼ਾਂ ਨੂੰ ਤਰਤੀਬ, ਗੱਲ ਨੂੰ ਵਜ਼ਨ ਮਿਲੇ।

ਆਪਣੀ ਹੈ ਪਹਿਚਾਣ ਖਿੜਨ, ਮੁਰਝਾਵਣ ਦੀ,
ਖ਼ੁਸ਼ੀ, ਗ਼ਮੀ ਨੂੰ ਵੱਖਰਾ ਵੱਖਰਾ ਬਦਨ ਮਿਲੇ।

ਆਦਮ-ਜ਼ਾਤ ਹੀ ਆਪਣੇ ਤਨ ਨੂੰ ਢਕਦੀ ਹੈ,
'ਕਾਇਨਾਤ' ਬਾਕੀ ਦੀ, ਸਾਨੂੰ ਨਗਨ ਮਿਲੇ।

ਮੇਰੇ ਦਿਲ ਦੀ ਧੜਕਣ ਵਿਚ ਸਮਾ ਜਾਵੇ,
ਮੇਰੇ ਦਿਲ ਨੂੰ ਪ੍ਰੀਤਮ! ਐਸੀ ਲਗਨ ਮਿਲੇ।

ਤਤਕਰਾ

ਜੀਵਨ ਦੇ ਰਾਹਾਂ 'ਚ ਜਦ ਵੀ ਮੈਂ ਹਾਂ ਠੋਕਰ ਖਾ ਗਿਆ,
ਕੁਝ ਪਰੇਸ਼ਾਨੀ ਦੇ ਪਿੱਛੋਂ ਮਨ ਟਿਕਾਣੇ ਆ ਗਿਆ।

ਮੁੱਲ ਭਰਨਾ ਪਿਆ ਹੈ, ਹਰ ਇੱਕ ਅਵੱਲੀ-ਰੀਝ ਦਾ,
ਬੇਰਾਂ ਦਾ ਲਾਲਚ ਵੀ ਝੱਗਾ-ਰੇਸ਼ਮੀ ਪੜਵਾ ਗਿਆ।

ਜਿਸ ਨੂੰ ਅੱਖਾਂ ਉੱਗੀਆਂ ਉਹ ਮਨ ਛੁਪਾਇਆਂ ਨਾ ਛੁਪੇ,
ਆਸੇ ਪਾਸੇ ਨ੍ਹੇਰਿਆਂ ਨੂੰ ਵੀ ਹੈ ਉਹ ਰੁਸ਼ਨਾ ਗਿਆ।

ਇੱਕ, ਲੰਮੀ ਤਕਰੀਰ ਕਰਕੇ ਵੀ ਨਹੀਂ ਕੁਝ ਕਹਿ ਸਕੇ,
ਤੇ ਕੋਈ ਬਿਨ ਬੋਲਿਆਂ, ਦਿਲ ਦੀ ਗੱਲ ਸਮਝਾ ਗਿਆ।

ਉਸ ਸ਼ਖ਼ਸ ਦੇ ਵਿਚ ਸ਼ਰਾਫ਼ਤ ਕੁਝ ਤਾਂ ਬਾਕੀ ਹੈ ਅਜੇ,
ਗ਼ਲਤ ਕੰਮ ਕਰਕੇ ਹੈ ਜਿਹੜਾ ਆਪ ਹੀ ਸ਼ਰਮਾ ਗਿਆ।

ਗਿੱਲੀਆਂ ਅੱਖਾਂ ਵਿਚ ਪ੍ਰੀਤਮ! ਹੱਸ ਪਈ ਕੋਈ ਖ਼ੁਸ਼ੀ,
ਜਦ ਕਿਸੇ ਵਿੱਛੜੇ ਹੋਏ ਦਾ, ਬਸ ਤਸੱਵਰ ਆ ਗਿਆ।

ਦੇਵੇ ਤੇ ਰੱਬ ਸਭ ਕੁਝ ਦੇਵੇ,
ਨਾ ਦੇਵੇ ਤਾਂ ਮੌਤ ਨਾ ਦੇਵੇ।

ਧੀਆਂ ਹਨ ਤਾਂ ਇਹ ਦੁਨੀਆਂ ਹੈ।
ਪੁੱਤਰ ਹੀ ਨਹੀਂ ਮਿੱਠੜੇ ਮੇਵੇ।

ਬੇੜੀ ਪਾਰ ਮਲਾਹ ਦੀ ਲੱਗੇ,
ਨਹੀਂ ਜ਼ਰੂਰੀ, ਜਦ ਵੀ ਖੇਵੇ।

'ਪੰਜ' ਤੱਤਾਂ ਦਾ ਨਹੀਂ ਹੈ ਬੰਦਾ,
ਰੂਹ ਮਿਲਾ ਖਾਂ! ਇਹ ਤੇ 'ਛੇ' ਵੇ।

ਇੱਛਾ, ਲਗਨ ਤੇ ਮਿਹਨਤ ਅੱਗੇ,
ਕੁਝ ਨਹੀਂ ਕਰਦੇ ਟੇਵੇ - ਛੇਵੇ।

ਤਤਕਰਾ

ਤੜਪ ਤੜਪ ਕੇ ਮਰਨਾ ਬਦਤਰ ਹੁੰਦਾ ਹੈ,
ਬਾਜ਼ ਅਚਿੰਤੇ ਪੈਣ ਤਾਂ ਬਿਹਤਰ ਹੁੰਦਾ ਹੈ।

'ਮੌਤ' ਪਤਾ ਨਹੀਂ ਚੰਗੀ ਹੈ ਜਾਂ ਮੰਦੀ ਹੈ,
ਪਰ ਇਸਦਾ ਡਰ ਜੀਕਣ ਨਸ਼ਤਰ ਹੁੰਦਾ ਹੈ।

ਹੋਣੀ ਵੀ, ਸਾਨੂੰ ਅਨਹੋਣੀ ਲੱਗਦੀ ਹੈ,
ਦੁਨੀਆਂ ਦੇ ਵਿਚ ਈਕਣ ਅਕਸਰ ਹੁੰਦਾ ਹੈ।

ਕਣੀਆਂ ਪੱਤੀਆਂ, ਫਲਾਂ ਅਤੇ ਛਿਣਾ ਵਾਂਗੂੰ,
ਜੀਵਨ ਸਾਡਾ, ਇੱਕੋ ਚੱਕਰ ਹੁੰਦਾ ਹੈ।

ਹਰ ਸਾਹ ਦੇ ਸੁਖ ਦੀ ਬਾਜ਼ੀ ਜਿਸਨੇ ਜਿੱਤੀ,
ਉਸਦਾ ਮਰਨ ਕਦੇ ਨਾ ਦੂਭਰ ਹੁੰਦਾ ਹੈ।

ਸਾਡਾ ਆਪਣਾ ਅਕਸ ਹਮੇਸ਼ਾ ਨਾਲ ਰਵ੍ਹੇ,
ਅਕਸਰ ਦਿਸਦਾ ਨਹੀਂ ਹੈ ਐਪਰ ਹੂੰਦਾ ਹੈ।

ਬਿਨ ਕਾਰਣ ਹੀ ਜਿਹੜਾ ਝਗੜਾ ਸ਼ੁਰੂ ਕਰੇ,
ਉਸ ਦੀ ਇੱਟ ਦਾ ਉੱਤਰ ਪੱਥਰ ਹੁੰਦਾ ਹੈ।

ਉੱਪਰ ਜੋ ਜਾਵੇਗਾ ਹੇਠਾਂ ਆਵੇਗਾ,
ਸਭ ਦੇ ਨਾਲ ਹੀ ਐਸਾ ਆਖ਼ਿਰ ਹੁੰਦਾ ਹੈ।

ਆਪਣੇ ਭਲਕ ਤੋਂ ਪ੍ਰੀਤਮ! ਵਾਕਿਫ਼ ਹੋਵੇਗਾ,
ਜਿਸ ਦੇ ਕੋਲ ਵੀ ਤੀਜਾ ਨੇਤਰ ਹੁੰਦਾ ਹੈ।

ਤਤਕਰਾ

ਨ੍ਹੇਰਾ ਹੋਇਆ, ਅੱਖਾਂ ਵਿਚ ਸੁਪਨਾ ਲੈ ਆਂਦਾ,
ਆਸ ਉਮੀਦ ਨੇ ਦਿੱਤਾ ਹਰ ਚਿਹਰਾ ਮੁਸਕਾਂਦਾ।

ਕੰਵਲ ਤੋਂ ਸਿੱਖਣਾ, ਖਿੜਨਾ ਤੇ ਖ਼ੁਸ਼ ਹੋ ਰਹਿਣਾ,
ਆਪਣਾ ਵਾਤਾਵਰਣ ਵੀ ਭਾਵੇਂ ਨਹੀਂ ਸੁਖਾਂਦਾ।

ਕੁਝ ਮਾਸੂਮ-ਸਵਾਲ ਜਦੋਂ ਵੀ ਦਿਲ ਨੇ ਕੀਤੇ,
ਉੱਤਰ ਦੇਣ ਤੋਂ, ਮਨ ਰਿਹਾ ਕੰਨੀ ਕਤਰਾਂਦਾ।

ਨਾ ਠੀਕ ਹੋ ਕੇ ਵੀ, ਉਹ ਗੱਲ ਚੰਗੀ ਲੱਗਦੀ,
ਦਿਲ ਹੀ ਦਿਲ ਨੂੰ ਚੁੱਪ-ਚੁਪੀਤੇ ਜਦ ਸਮਝਾਂਦਾ।

ਆਪਣੀ ਪਰਫੁੱਲਤਾ ਦਾ ਸੁਪਨਾ ਧਰਤੀ ਦੇਖੇ,
ਉਸ ਨੂੰ ਗੋਦ 'ਚ ਲੈ ਕੇ, ਅੰਬਰ ਜਦ ਗਰਮਾਂਦਾ।

ਕੋਈ ਪੜ੍ਹਾਵੇ, ਤਾਂ ਉਹ ਇਕ ਤਸੀਹਾ ਲੱਗਦਾ,
ਆਪ ਸਿੱਖੀਏ ਤਾਂ ਆਪਣਾ ਮਨ ਖ਼ੁਸ਼ ਹੋ ਜਾਂਦਾ।

ਭਗਵਾਂ-ਚੋਲਾ ਇਕ ਧਰਮੀ-ਸ਼ਖ਼ਸੀਅਤ ਦੇਵੇ,
ਵੱਖਰੀ ਹਸਤੀ ਹੈ, ਕੋਈ ਜਦ ਵਰਦੀ ਪਾਂਦਾ।

ਰਾਖ਼ ਦੇ ਢੇਰ 'ਚੋਂ ਸੁਣਿਆਂ, ਰੋਣਾ ਚਿੰਗਾਰੀ ਦਾ,
ਲੰਘ ਰਿਹਾ ਬੇਰਹਿਮ ਸਮਾਂ ਇੰਜ ਵੀ ਸੁਲਗਾਂਦਾ।

ਰੋਵਾਂ ਜਾਂ ਫਿਰ ਮਾਣ ਕਰਾਂ, ਬਿਖਰੀ ਖ਼ੁਸ਼ਬੋ ਦਾ,
ਇਹ ਹੀ ਸੋਚ ਸੋਚਦਾ ਹੋਇਆ ਫੁੱਲ ਮੁਰਝਾਂਦਾ।

'ਅਮਰ' ਹੋਣ ਦੀ ਇੱਛਾ ਕਿਉਂ ਹੁੰਦੀ ਕਿਸੇ ਨੂੰ!
ਦੁਨੀਆਂ ਵਾਲਾ ਇਹ ਜੀਵਨ, ਜੇਕਰ ਤੜਪਾਂਦਾ।

ਮੌਤ ਦੇ ਡਰ ਤੋਂ ਉਪਜੀ 'ਅੰਮ੍ਰਿਤਾ' ਦੀ ਇੱਛਾ,
ਇਸ ਹਨੇਰੇ ਨੇ ਵੀ ਕੈਸਾ ਰੰਗ ਲਿਆਂਦਾ!

ਇਸ ਦੁਨੀਆਂ ਨੂੰ ਕੋਈ ਕਦੇ ਨਾ ਛੱਡਣਾ ਚਾਹਵੇ,
ਇਸ ਤੋਂ ਬਿਹਤਰ ਹੋਰ ਕਿਤੇ ਕੁਝ ਨਾ ਦਰਸਾਂਦਾ।

ਨਾ-ਜਾਇਜ਼ ਸੀ ਜਿਸ ਦੇ ਪਾਸੇ ਕਦਮ ਉਠਾਣਾ,
ਪ੍ਰੀਤਮ! ਕੁਝ ਐਸਾ ਵੀ ਸੀ ਦਿਲ ਨੂੰ ਭਰਮਾਂਦਾ।

ਤਤਕਰਾ

ਵਹਿਣ ਦੇ ਪਾਣੀ ਤਾਂ ਸਾਰੇ ਇਕ ਜਿਹੇ,
ਪਰ ਨਹੀਂ ਨਦੀਆਂ ਕਿਨਾਰੇ ਇਕ ਜਿਹੇ।

ਇਹ ਵੀ ਇਕ ਤੂਫ਼ਾਨ ਦੀ ਤਾਰੀਫ਼ ਹੈ,
ਇਸ ਦੇ ਅੱਗੇ ਮਹਿਲ ਢਾਰੇ ਇਕ ਜਿਹੇ।

ਕੀ ਕਹਾਂ! ਕਿ ਦਿਨ ਵੀ ਇਕ ਤੂਫ਼ਾਨ ਹੈ,
ਇਸ ਲਈ ਸੁਪਨੇ ਸਿਤਾਰੇ ਇਕ ਜਿਹੇ।

ਪੂਰਬੀ ਹੋਵਣ ਜਾਂ ਹੋਵਣ ਪੱਛਮੀ,
ਆਦਤਨ, ਸਾਰੇ ਸਾਰੇ ਇਕ ਜਿਹੇ।

ਜੇ ਕਦੀ ਇਸ ਜੀਭ ਦਾ ਰਸ ਨਾ ਰਹੇ,
ਖਾਣ ਨੂੰ ਮਿੱਠੇ ਤੇ ਖਾਰੇ ਇਕ ਜਿਹੇ।

ਉਸ ਮਵਾਲੀ ਕੋਲ ਚਾਦਰ ਹੀ ਨਹੀਂ,
ਪਗ ਪਸਾਰੇ ਨਾ ਪਸਾਰੇ ਇਕ ਜਿਹੇ।

ਸੁਣਿਆਂ ਹੈ ਕਿ ਵਿਚ ਖ਼ਲਾਵਾਂ ਆਦਮੀ,
ਹੋ ਜਾਂਦੇ ਹਲਕੇ ਤੇ ਭਾਰੇ ਇਕ ਜਿਹੇ।

ਮੈਂ ਤੇ ਬਸ ਇਨਸਾਨ ਹਾਂ ਮੇਰੇ ਲਈ,
ਮੰਦਰ ਮਸਜਿਦ ਗੁਰੂਦੁਆਰੇ ਇਕ ਜਿਹੇ।

ਅਮਲ ਨਾ ਚੰਗੇ ਤਾਂ ਪ੍ਰੀਤਮ ਹਸ਼ਰ ਨੂੰ,
ਨਾਸਤਕ ਤੇ ਗੁਰੂ-ਸਵਾਰੇ ਇਕ ਜਿਹੇ।

ਤਤਕਰਾ

ਨਿੱਕੀਆਂ ਨਿੱਕੀਆਂ ਗੱਲਾਂ ਸੁਣ ਕੇ ਹੱਸੇ ਸੀ,
ਨਿੱਕੀਆਂ ਨਿੱਕੀਆਂ ਗੱਲਾਂ ਸੁਣ ਕੇ ਰੋਏ ਨੇ।
ਕੱਲ੍ਹ ਜਿਹੜੇ ਸਨ ਫੁੱਲਾਂ ਵਾਂਗੂੰ ਮਹਿਕ ਰਹੇ,
ਉਹ ਬੋਲ ਹੁਣ ਕੰਡਿਆਂ ਵਰਗੇ ਹੋਏ ਨੇ।

ਰਾਖ਼ ਦੇ ਵਿਚ ਸੁਲਗਦੀ ਹੋਈ ਚਿੰਗਾਰੀ,
ਫਿਰ ਭੜਕਣ ਦੀ ਆਸ ਲਗਾਈ ਬੈਠੀ ਹੈ,
ਅੱਜ ਫਿਰ ਤੇਜ਼-ਤਰਾਰ ਹਵਾਵਾਂ ਚੱਲਣ ਦੇ,
ਲਗਦਾ ਹੈ ਆਸਾਰ, ਬੜੇ ਨਰੋਏ ਨੇ।

ਅਨਵਾਨ ਵੀ ਜੇ ਮੈਂ ਲਿਖਾਂ ਤਾਂ ਕੀ ਲਿਖਾਂ!
ਕੋਝ ਨੂੰ ਬੁਰਾ ਕਹਿਣ ਦਾ ਨਾਮ ਹੈ ਸੁੰਦਰਤਾ,
ਤੇਰੀ ਮੇਰੀ ਆਪਣੀ ਹੀ ਮਾਂ-ਬੋਲੀ ਨੇ,
ਕਿੰਨੇ ਮਾਅਨੇ ਅੱਖਰਾਂ ਵਿਚ ਲਕੋਏ ਨੇ!

ਰੂਹ ਦੇ ਵਾਂਗ ਤਾਸੀਰ ਇਨ੍ਹਾਂ ਦੀ ਹੁੰਦੀ ਹੈ,
ਰੂਹ ਵਾਂਗ ਹੀ ਇਹ ਜੀਵਨ ਦਾ ਹਿੱਸਾ ਨੇ,
ਬੰਦਾ ਤਾਂ ਹੈ ਮਰਦਾ ਮਰਦਾ ਮਰ ਜਾਂਦਾ,
ਮਰ ਜਾਣੇ ਅਰਮਾਨ ਭਲਾ ਕਦ ਮੋਏ ਨੇ!

ਚੰਗੇ ਸਮਿਆਂ ਨੂੰ ਯਾਰਾਂ ਵਿਚ ਮਾਣਦਿਆਂ,
ਅਚਨਚੇਤ ਜੇ ਕਿਧਰੇ ਮੁਸ਼ਕਿਲ ਆ ਜਾਵੇ,
ਆਪਣਾ ਆਖਣ ਵਾਲੇ ਫੇਰ ਨਹੀਂ ਦਿਸਦੇ,
ਆਪਣਾ ਸਮਝਣ ਵਾਲੇ ਨਾਲ ਖਲੋਏ ਨੇ।

ਜੋ ਕਿਸੇ ਦੀ ਇੱਜ਼ਤ ਕਰਨਾ ਜਾਣ ਲਵੇ,
ਉਸ ਨੂੰ ਹੀ ਸਨਮਾਨ ਹਮੇਸ਼ਾ ਮਿਲਿਆ ਹੈ,
ਵੈਸੇ ਹੀ ਫਲ ਪ੍ਰੀਤਮ! ਉਸ ਨੂੰ ਲੱਗਦੇ ਨੇ,
ਜੈਸੇ ਜੈਸੇ ਬੀਜ ਕਿਸੇ ਨੇ ਬੋਏ ਨੇ।

ਤਤਕਰਾ

ਗ਼ਲਤੀ ਤਾਂ ਇਕ ਬਹਾਨਾ ਹੈ, ਜੋ ਹੋਣਾ ਹੈ ਉਹ ਹੋਣਾ ਹੈ,
ਕੁਝ ਵੀ ਤਾਂ ਆਪਣੇ ਵੱਸ ਨਹੀਂ, ਏਹੀ ਤਾਂ ਏਥੇ ਰੋਣਾ ਹੈ।

ਇਕ-ਤਰਫ਼ਾ ਰਸਤਾ ਜੀਵਨ ਦਾ, ਚੰਗਾ ਲੱਗੇ ਜਾਂ ਨਾ ਲੱਗੇ,
ਨਾ ਭੌਣਾ-ਮੁੜਨਾ ਹੈ ਏਥੋਂ, ਨਹੀਂ ਬਹਿਣਾ ਨਹੀਂ ਖੜੋਣਾ ਹੈ।

ਹਰ ਸੁਸਤ-ਚਾਲ ਦੇ ਰਾਹੀ ਤੋਂ, ਹਮਰਾਹੀ ਓਝਲ ਹੋ ਜਾਂਦੇ,
ਇਸ ਤੇਜ਼-ਕਦਮ ਰਸਤੇ ਉੱਤੇ, ਹਰ ਕੋਣਾ ਐਸਾ ਕੋਣਾ ਹੈ।

ਕਹਿੰਦੇ ਸਨ ਭਲਕ ਦੇ ਬੱਚਿਆਂ ਦੀ ਹਰ ਖੇਡ ਵੱਖਰੀ ਹੋਵੇਗੀ,
ਨਾ ਉਹ ਖੂਹ-ਕਿਆਰੇ ਖੇਡਣਗੇ ਨਾ ਢੱਗਾ ਕਿਸੇ ਨੇ ਜੋਣਾ ਹੈ।

ਜੰਮਿਆਂ ਹੈ ਲਾਲਚ ਐਸਾ ਜੋ ਕੁਦਰਤ ਨੂੰ ਬਾਂਝ ਕਰੀ ਜਾਵੇ,
ਹੁਣ ਉਸ ਤੋਂ ਬੀਜ ਨਹੀਂ ਬਣਨਾ, ਜੋ ਬੀਜ ਕਿਸੇ ਨੇ ਬੋਣਾ ਹੈ।

ਜੰਗ ਵੱਡਿਆਂ ਵੱਡਿਆਂ ਦੇਸ਼ਾਂ ਨੂੰ ਵੀ ਹੈ ਕਰਜ਼ਾਈ ਕਰ ਜਾਂਦੀ,
ਜੋ ਅੱਜ ਨੇ ਭਾਰ ਉਠਾਇਆ ਹੈ, ਏਸੇ ਦੇ ਭਲਕ ਨੇ ਢੋਣਾ ਹੈ।

ਨਾ ਫੁੱਲ ਤੋੜ ਕੇ ਕਤਲ ਕਰੀਂ ਇਹਨਾਂ ਵਿਚ ਵਸਦੇ ਜੀਵਾਂ ਨੂੰ,
ਬੇਜਾਨ ਈਸ਼ਵਰ ਹੈ ਤੇਰਾ, ਜਿਸ ਦੇ ਲਈ ਹਾਰ ਪਰੋਣਾ ਹੈ।

ਓ ਪ੍ਰੀਤਮ! ਜਦੋਂ ਨਿਸ਼ਾਨੇ ‘ਤੇ, ਕਈ ਤੀਰ ਚਲਾਏ ਜਾਂਦੇ ਨੇ,
ਜੋ ਨਾ ਲੱਗਾ ਉਹ ਤੁੱਕਾ ਹੈ, ਜੋ ਲੱਗ ਗਿਆ ਉਹ ਟੋਣਾ ਹੈ।

ਤਤਕਰਾ

ਵਰ੍ਹਦੇ ਸਾਉਣ ਨੇ ਵਿੱਛੜੇ ਦਿਲਾਂ 'ਤੇ ਇੰਜ ਗੁਜ਼ਾਰੀ ਹੈ,
ਮੀਂਹ ਨੇ ਥੁੱਕਿਆ ਮੂੰਹ 'ਤੇ, ਹਵਾ ਨੇ ਧੌਲ ਮਾਰੀ ਹੈ।

ਇੱਕੋ ਜ਼ਿੰਦਗੀ ਨੂੰ ਵੀ, ਅਨੇਕਾਂ ਰੰਗ ਦਿੱਤੇ ਨੇ,
ਸਮੇਂ ਨੇ ਜਿਸ ਤਰ੍ਹਾਂ ਚਾਹਿਆ ਲਤਾੜੀ ਹੈ ਸ਼ਿੰਗਾਰੀ ਹੈ।

ਉੱਡ ਕੇ ਸੋਚ ਦੇ ਖੰਭੀਂ, ਸਵਰਗਾਂ ਦਾ ਸਫ਼ਰ ਕੀਤਾ,
ਪਲ ਦੋ ਪਲ ਅਸਾਂ ਨੇ, ਜ਼ਿੰਦਗੀ ਇੰਜ ਵੀ ਸੁਵਾਰੀ ਹੈ।

ਉਨ੍ਹਾਂ ਦਾ ਭਲਕ ਕੀ! ਤੇ ਕੀ ਕੋਈ ਉੱਮੀਦ ਹੋਵੇਗੀ!!
ਜਿਨ੍ਹਾਂ ਨੂੰ ਸੁਪਨਿਆਂ ਤੋ ਵਧ ਕੇ ਨੀਂਦਰ ਪਿਆਰੀ ਹੈ।

ਸਿਆਣੇ ਆਖਦੇ ਕਿ, "ਉਸ ਰਿਜ਼ਕ ਤੋਂ ਮੌਤ ਚੰਗੀ ਹੈ,
ਜਿਹੜੇ ਰਿਜ਼ਕ ਦਾ ਕਰਕੇ, ਬਣੀ ਬੋਝਲ ਉਡਾਰੀ ਹੈ"।

ਕਿਸੇ ਦੇ 'ਹੁਸਨ' ਦੇ ਬਾਰੇ, ਨਾ ਦੂਜੇ ਦਾ ਕਿਹਾ ਮੰਨੀਂ,
ਕਦੋਂ ਤਸਵੀਰ ਸ਼ੀਸ਼ੇ ਵੀ, ਸਦਾ ਸੱਚੀ ਉਤਾਰੀ ਹੈ!

ਸਾਂਝੀਵਾਲਤਾ ਦੀ ਨੀਂਹ, ਇਲਮ ਦੇ ਅਮਲ ਉੱਪਰ ਹੈ,
ਪਰਉਪਕਾਰ ਕਰਦੇ ਨੇ, ਜਿਨ੍ਹਾਂ ਵਿੱਦਿਆ ਵਿਚਾਰੀ ਹੈ।

ਅਜੇ ਤਕ ਹਾਦਸੇ ਤੋਂ ਜ਼ਿੰਦਗੀ ਮਹਿਫ਼ੂਜ਼ ਹੈ, ਯਾਰੋ!
ਅਜੇ ਸੰਨਾਟੇ ਦੀ ਥਾਂ, ਜੰਗ ਦੇ ਵਿਚ ਗੋਲਾ-ਬਾਰੀ ਹੈ।

ਨਾ ਲਾਵਾ ਠਾਰ ਸਕਦੇ ਨੇ, ਕਦੇ ਪਾਣੀ ਸਮੁੰਦਰਾਂ ਦੇ,
ਵੱਡਿਆਂ ਵੱਡਿਆਂ ਦੇ ਹਿੱਸੇ ਵਿਚ ਵੀ ਤਾਂ ਲਾਚਾਰੀ ਹੈ।

ਕਿਤੇ ਪਰਬਤ ਦੇ ਜ਼ੱਰੇ ਨੇ, ਕਿਤੇ ਸਾਗਰ ਦੇ ਕਤਰੇ ਨੇ,
ਇਸ ਬ੍ਰਹਿਮੰਡ ਨੇ ਬ੍ਰਹਿਮੰਡਤਾ ਏਨੀ ਪਸਾਰੀ ਹੈ।

ਇਨ੍ਹੇਂ ਪਰਬਤ ਫ਼ਤਹ ਕੀਤੇ, ਇਨ੍ਹੇਂ ਸਾਗਰ ਫ਼ਤਹ ਕੀਤੇ,
ਜਿਨ੍ਹਾਂ ਦੇ ਸਾਹਮਣੇ ਭਾਵੇਂ, ਇਹ ਬੰਦਾ ਹਾਰੀ ਸਾਰੀ ਹੈ।

ਵੱਖਰੇ ਵੱਖਰੇ ਹਾਲਾਤ, ਬਿਨ ਬੋਲੇ ਹੀ ਦੱਸਣ ਨੂੰ,
ਕਿਤੇ ਚੁੰਨੀ 'ਤੇ ਰੰਗ ਚਿੱਟਾ, ਕਿਤੇ ਗੋਟਾ ਕਿਨਾਰੀ ਹੈ।

ਸਮਾਂ ਹੁਣ ਆ ਗਿਆ ਪ੍ਰੀਤਮ! ਅਸਾਂ ਨੇ ਦੂਰ ਜਾਣਾ ਹੈ,
ਤੂੰ ਕਿਉਂ ਜਜ਼ਬਾਤ ਦੀ ਕੰਧ ਰਾਹ ਦੇ ਅੰਦਰ ਉਸਾਰੀ ਹੈ?

ਤਤਕਰਾ

ਉਪਰਲੇ ਪਾਣੀ ਦੇ ਵਿਚ ਜਨੂੰਨ ਜਿਹਾ,
ਡੂੰਘੇ ਪਾਣੀ ਵਿਚ ਹੈ ਬੜਾ ਸਕੂਨ ਜਿਹਾ।

ਸਾਗਰ ਦੇ ਥੱਲੇ ਦਾ ਪਾਣੀ ਕੀ ਸੋਚੇ?
ਇਹ ਵਿਸ਼ਾ ਹੈ ਅੰਬਰ ਦੇ ਮਜ਼ਮੂਨ ਜਿਹਾ।

ਹੋਰ ਨੇ ਸੂਰਜ, ਚੰਦ, ਸਿਤਾਰੇ, ਧਰਤੀਆਂ,
ਕਿਤੇ ਤਾਂ ਕੁਝ ਹੋਣੈ, ਬੰਦੇ ਦੀ ਜੂਨ ਜਿਹਾ।

ਵਾਰੇ ਜਾਨ ਜੋ ਹੱਸ ਕੇ ਤੇਰੀ ਖ਼ੁਸ਼ੀ ਲਈ,
ਉਹ ਨਾਤਾ ਵੀ ਹੋ ਸਕਦਾ ਹੈ ਖ਼ੂਨ ਜਿਹਾ।

ਐ ਪ੍ਰੀਤਮ! ਉਹ ਸੰਬੰਧ ਨਾ ਰਹਿ ਜਾਂਦਾ,
ਆਣ ਖਲੋਵੇ ਜਿਸ ਦੇ ਵਿਚ ਕਾਨੂੰਨ ਜਿਹਾ।

ਉਹ, ਜਿਹੜੀ ਅੰਦਰ ਨੂੰ ਟੋਹਵੇ, ਝਾਤ ਪਾ,
ਬੇ-ਜ਼ੁਬਾਨੀ ਵਿਚ ਹੀ ਕੋਈ ਬਾਤ ਪਾ।

ਮੁੱਲ ਨਹੀਂ, ਜੋ ਕਦਰ ਪਾਵੇ ਹੁਸਨ ਦੀ,
ਇਹ ਤਕਾਜ਼ਾ ਰੱਖਦੀ, ਔਕਾਤ ਪਾ।

ਹੁਨਰ ਸਿੱਖਿਆ ਜਾਂਦਾ ਹੈ, ਮਿਲਦਾ ਨਹੀਂ,
ਸਾਧਨਾ ਤੇ ਲਗਨ ਤੋਂ ਇਹ ਦਾਤ ਪਾ।

ਗ਼ਮ ਨਾ ਕਰ ਜੇਕਰ ਖ਼ੁਸ਼ੀ ਜਾਂਦੀ ਰਹੀ,
ਤੁਰ ਹੀ ਜਾਂਦਾ ਹੈ ਇਹ ਦਿਨ ਵੀ ਰਾਤ ਪਾ।

ਤੇਰੇ ਲਈ, ਤੇਰੇ ਤੋਂ ਵੱਧ ਕੁਝ ਵੀ ਨਹੀਂ,
ਪ੍ਰੀਤਮ! ਆਪਣੇ ਆਪ ਦੀ ਸੌਗਾਤ ਪਾ।

ਤਤਕਰਾ

ਮਾਣ, ਹਰ ਇਕ ਨੂੰ ਜਵਾਨੀ 'ਤੇ ਬੜਾ ਹੁੰਦਾ ਹੈ,
ਫੁੱਲ ਖਿੜਦੇ ਨੇ, ਤਾਂ ਫੁੱਲਾਂ 'ਚ ਨਸ਼ਾ ਹੁੰਦਾ ਹੈ।

ਸਮੇਂ ਦੀ ਚਾਲ ਨੇ ਮੱਸਿਆ ਹਨੇਰੀ ਰੱਖੀ,
ਚੰਦ ਨੂੰ ਦੋਸ਼ ਨਾ ਦੇ, ਉਹ ਤੇ ਸਦਾ ਹੁੰਦਾ ਹੈ।

ਆਪਣੀ ਅਨਮੋਲ ਤਹਿਜ਼ੀਬ ਦੀ ਦੌਲਤ ਲੈ ਕੇ,
ਜੋ ਵੀ ਤੁਰਦਾ ਹੈ ਉਹਨੂੰ ਅਕਸਰ ਨਫ਼ਾ ਹੁੰਦਾ ਹੈ।

ਹੋਵੇ ਅਹਿਸਾਸ ਜਦੋਂ, ਆਪਣੀ ਕਿਸੇ ਖ਼ਾਮੀ ਦਾ,
ਤਾਂ ਕੋਈ ਖ਼ਵਾਬ ਨਿਗਾਹਾਂ 'ਚ ਵਸਾ ਹੁੰਦਾ ਹੈ।

ਏਸ ਧਰਤੀ ਜਿਹਾ ਅਮੀਰ, ਨਾ ਕੋਈ ਪ੍ਰੀਤਮ!
ਇਹ ਜੋ ਅੰਬਰ ਹੈ, ਇਹ ਤੇ ਖ਼ਲਾਅ ਹੁੰਦਾ ਹੈ।

ਇਹ ਜ਼ਮਾਨਾ ਮੇਰਾ ਹਿੱਸਾ ਤੇ ਮੈਂ ਜ਼ਮਾਨੇ ਦਾ,
ਇਹੀ ਅਨਵਾਨ ਜਚੇਗਾ ਮੇਰੇ ਅਫ਼ਸਾਨੇ ਦਾ।

ਜਨਮ ਦਰਿਆ ਦਾ ਆਕਾਸ਼ 'ਚ ਹੁੰਦਾ ਦੇਖਾਂ,
ਕਿੰਨਾ ਅਸ਼ਾਂਤ ਹੈ ਇਹ ਤੋਹਫ਼ਾ ਸ਼ਾਮਿਆਨੇ ਦਾ।

ਇਹ ਜੋ ਫੁਰਿਆ ਹੈ ਫੁਰਨਾ ਘਰ ਬਨਾਵਣ ਦਾ,
ਇਹੀ ਤਾਂ ਪਹਿਲਾ ਤਿਨਕਾ ਹੈ ਆਸ਼ਿਆਨੇ ਦਾ।

ਨਾ ਕੋਈ ਰੋਗ, ਨਾ ਸੋਗ, ਨਾ ਤੜਪ ਬਾਕੀ,
ਬੜਾ ਹੀ ਲੁੱਤਫ਼ ਹੈ, ਮਾਹੌਲ ਆਸ਼ਿਕਾਨੇ ਦਾ।

ਹਨੇਰਾ ਮਿਲੇ ਤਾਂ ਹੋਵੇ ਨੀਂਦਰ ਜਿਹਾ ਪ੍ਰੀਤਮ!
ਦਿਸੇ ਨਾ ਦਰਦ ਕੋਈ ਆਪਣੇ ਬੇਗਾਨੇ ਦਾ।

ਤਤਕਰਾ

ਦੀਵਾਲੀ ਦੀ ਜਗਮਗ ਤੱਕ ਕੇ, ਰਾਤ ਬਹੁਤ ਹੈਰਾਨ ਹੋ ਗਈ।
ਉਸਦੀ ਗੋਦੀ ਕੀ ਚੰਦ ਚੜ੍ਹਿਆ! ਸੋਚਦੀ, ਪਸ਼ੇਮਾਨ ਹੋ ਗਈ।

ਏਸ ਸ਼ਮ੍ਹਾਂ ਨੇ ਸੁਬਹ ਦੇ ਤਾਈਂ ਹਰ ਹਾਲਾਤ ਖ਼ਤਮ ਹੋ ਜਾਣਾ,
ਰਾਤ ਦੇ ਪਾਂਧੀ ਤੈਨੂੰ ਕੀ! ਜੋ ਤੇਰੇ ਲਈ ਕੁਰਬਾਨ ਹੋ ਗਈ।

ਕੌਣ ਕਿਸੇ ਦੇ ਪਿਆਰ ਦੇ ਅੰਦਰ ਹੁਣ ਤੇ ਅੰਨ੍ਹਾਂ ਹੁੰਦਾ ਹੈ!
ਹਰ ਇਕ ਅੱਖ ਸੁਜਾਖੀ ਹੋਈ ਹਰ ਇਕ ਸੋਚ ਸ਼ੈਤਾਨ ਹੋ ਗਈ।

ਆਸ ਫਲਾਂ ਦੀ ਹੈ ਉਹਨਾਂ ਤੋਂ, ਜੋ ਰੁੱਖ ਹਾਲੇ ਲਾਏ ਨਹੀਂ,
ਕਾਹਲੀ ਕਾਹਲੀ ਕਰ ਰਹੀ ਹੈ ਕਿੰਜ ਦੁਨੀਆਂ ਨਾਦਾਨ ਹੋ ਗਈ!

ਪਹਿਲਾਂ ਮਨ-ਪਰਚਾਵੇ ਦੇ ਲਈ, ਲੋਕ ਸ਼ਹਿਰ ਨੂੰ ਆਉਂਦੇ ਸਨ,
ਹੁਣ ਜੰਗਲ[1] ਦੀ ਧਰਤੀ ਅੱਗੇ ਇਹ ਧਰਤੀ ਸੁੰਨਸਾਨ ਹੋ ਗਈ।

ਅੱਤਵਾਦੀ ਹੋ ਕੇ ਵੀ ਉਹ ਹੁਣ ਅਮਨ ਦੇ ਨਾਅਰੇ ਲਾਉਂਦੇ ਨੇ,
ਚੋਰ ਉਚੱਕੇ ਬਣੇ ਚੌਧਰੀ, ਗੁੰਡੀ ਰੰਨ ਪ੍ਰਧਾਨ ਹੋ ਗਈ।

ਕਿਸੇ ਦੀ ਕੀ ਪਹਿਚਾਣ ਕਿਸੇ ਨੂੰ! ਆਪਣਾ ਆਪਾ ਭੁੱਲਿਆ ਹੈ,
ਪ੍ਰੀਤਮ! ਦੇਖੀਂ! ਸੋਚ ਅਸਾਡੀ ਕਿੱਥੋਂ ਤਕ ਗ਼ਲਤਾਨ ਹੋ ਗਈ!

---

1. cottage

ਚੇਤਨਾ, ਕਾਫ਼ਿਰ ਬਣਾ ਕੇ ਛੱਡ ਗਈ,
ਰਾਹ ਤੋਂ ਮੁਨਕਰ ਬਣਾ ਕੇ ਛੱਡ ਗਈ।

ਅੰਧ-ਵਿਸ਼ਵਾਸਾਂ ਦਾ ਨ੍ਹੇਰਾ ਮੇਟਿਆ,
ਕੁਫ਼ਰ-ਧੁਨ ਚਾਤਰ ਬਣਾ ਕੇ ਛੱਡ ਗਈ।

ਦੇਖ! ਇਹ ਆਦਤ ਤੁਰਦੇ ਰਹਿਣ ਦੀ,
ਬੂੰਦਾਂ ਨੂੰ, ਸਾਗਰ ਬਣਾ ਕੇ ਛੱਡ ਗਈ।

ਜੋ ਵੀ ਕੋਈ ‘ਭਾਲ’ ਦੇ ਵਿਚ ਪੈ ਗਿਆ,
ਉਸਦਾ ਮਨ ਬੇਘਰ ਬਣਾ ਕੇ ਛੱਡ ਗਈ।

ਆਪਣੇ ਵਿਚ ਜੋ ਵੀ ਖ਼ਾਮੀ ਦਿਸ ਗਈ,
ਪ੍ਰੀਤਮ ਨੂੰ ਬਿਹਤਰ ਬਣਾ ਕੇ ਛੱਡ ਗਈ।

ਤਤਕਰਾ

ਖ਼ੁਦ-ਮਿਜ਼ਾਜੀ ਦਾ ਸਮਾਂ ਹੈ, ਦੋਸਤੋ!
ਸੰਗ-ਤਰਾਸ਼ੀ ਦਾ ਸਮਾਂ ਹੈ, ਦੋਸਤੋ!

ਖੇਡ ਦੇ ਕਾਨੂੰਨ ਸਿੱਧੇ ਕਰ ਲਏ,
ਆਪਣੀ-ਬਾਜ਼ੀ ਦਾ ਸਮਾਂ ਹੈ, ਦੋਸਤੋ!

ਹੁਣ ਸ਼ਰਾਫ਼ਤ ਦੜ ਕੇ ਨਾ ਰਹਿ ਜਾਏਗੀ,
ਹੁਣ ਆਜ਼ਾਦੀ ਦਾ ਸਮਾਂ ਹੈ, ਦੋਸਤੋ!

ਲੱਗਦੇ ਲੱਗਦੇ ਲਿਵ ਅਸਾਡੀ ਲੱਗ ਗਈ,
ਹੁਣ ਖ਼ੁਮਾਰੀ ਦਾ ਸਮਾਂ ਹੈ, ਦੋਸਤੋ!

ਨਿਅਮਤਾਂ ਦੀ, ਅੱਜ ਲੱਗੀ ਹੈ ਝੜੀ,
ਪੁਰ-ਆਬਾਦੀ ਦਾ ਸਮਾਂ ਹੈ, ਦੋਸਤੋ!

ਖ਼ਾਮੀਆਂ ਅਕਸਰ ਫ਼ਸਾਨਾ ਬਣਦੀਆਂ,
ਇਕ ਉਦਾਸੀ ਦਾ ਬਹਾਨਾ ਬਣਦੀਆਂ।

ਰਾਖ਼ ਹੀ, ਅੰਜਾਮ ਹੈ ਹਰ ਚਿੰਣਗ ਦਾ,
ਰੌਣਕਾਂ ਮਿਟ ਕੇ, ਵੀਰਾਨਾ ਬਣਦੀਆਂ।

ਪੀੜ ਦੀ ਪਰਵਾਜ਼ ਜਾਂਦੀ ਵਿੰਹੁਦੀ,
ਸੱਧਰਾਂ, ਜਦ ਵੀ ਨਿਸ਼ਾਨਾ ਬਣਦੀਆਂ।

ਇਕ ਖ਼ੁਸ਼ੀ ਖ਼ੁਸ਼ੀਆਂ ਨੂੰ ਜਦ ਰੜਕਦੀ,
ਐਸੀਆਂ ਖ਼ੁਸ਼ੀਆਂ ਜ਼ਮਾਨਾ ਬਣਦੀਆਂ।

ਦਿਲ-ਸਰੋਵਰ ਵਿਚ ਜਦੋਂ ਜਜ਼ਬਾ ਗਿਰੇ,
ਉੱਠਦੀਆਂ ਲਹਿਰਾਂ ਤਰਾਨਾ ਬਣਦੀਆਂ।

ਨੇਕ-ਬਖ਼ਤੀ ਦੀ ਵਿਰਾਸਤ ਵਾਲੀਆਂ,
ਕੀਮਤਾਂ ਹੀ ਤਾਂ ਖ਼ਜ਼ਾਨਾ ਬਣਦੀਆਂ।

ਉਹ ਪ੍ਰੀਤਮ! ਆਪਣਾ ਨਾ ਰਹਿ ਜਾਵੰਦਾ,
ਜਿਸ ਦੀਆਂ ਨਜ਼ਰਾਂ ਬੇਗ਼ਾਨਾ ਬਣਦੀਆਂ।

ਤਤਕਰਾ

ਗੁੱਝੀਆਂ ਰਮਜ਼ਾਂ 'ਚ ਤਾਅਨੇ ਭਾਲਦਾ ਹਾਂ,
ਅਣ-ਕਹੇ ਲਫ਼ਜ਼ਾਂ ਦੇ ਮਾਅਨੇ ਭਾਲਦਾ ਹਾਂ।

ਜਾਣਦਾ ਹਾਂ ਬੀਤਿਆ ਵਾਪਿਸ ਨਾ ਆਵੇ,
ਫਿਰ ਵੀ ਮੈਂ ਗੁਜ਼ਰੇ ਜ਼ਮਾਨੇ ਭਾਲਦਾ ਹਾਂ।

ਕਿਹੜੀ ਕਿਹੜੀ ਥਾਂ ਸਿਤਾਰੇ ਤੋੜ ਸੁੱਟੇ,
ਅੰਬਰਾਂ ਵਿਚ ਉਹ ਨਿਸ਼ਾਨੇ ਭਾਲਦਾ ਹਾਂ।

ਕਿਸ ਜਗਹ ਤੋਂ ਫੁੱਲ ਖ਼ੁਸ਼ਬੋ ਲੈ ਕੇ ਆਏ,
ਕੁਦਰਤੀ, ਅਣ-ਮੁੱਕ ਖ਼ਜ਼ਾਨੇ ਭਾਲਦਾ ਹਾਂ।

ਬਾਵਰੇ ਹੋ ਕੇ, ਦਿਲਾਂ ਨੇ, ਜੋ ਸੀ ਗਾਏ,
ਦਰਦ-ਭਿੰਨੇ ਉਹ ਤਰਾਨੇ ਭਾਲਦਾ ਹਾਂ।

ਲੋਕਾਚਾਰੀ ਤਾਂ ਬੜਾ ਹੀ ਰੋਕਦੀ ਪਰ,
ਉਸ ਨੂੰ ਦੇਖਣ ਦੇ, ਬਹਾਨੇ ਭਾਲਦਾ ਹਾਂ।

ਪ੍ਰੀਤਮ! ਜੋ ਨੇ ਰਾਂਝਿਆਂ ਤੇ ਹੀਰਾਂ ਵਰਗੇ,
ਇਹੋ ਜਿਹੇ ਸੱਚੇ 'ਫ਼ਸਾਨੇ ਭਾਲਦਾ ਹਾਂ।

ਜੀਵਨ ਦੇ ਵਿਚ ਕੀ ਕੁਝ ਪਾਇਆ, ਕੀਤਾ ਜਦੋਂ ਸ਼ੁਮਾਰ,
ਪਤਝੜ ਪਤਝੜ, ਪਤਝੜ ਪਤਝੜ, ਪਤਝੜ, ਨਵੀਂ ਬਹਾਰ।

ਸੰਬੰਧਾਂ ਨੇ ਇੰਜ ਕੀਤਾ ਹੈ, ਮੇਰੇ ਨਾਲ ਵਿਹਾਰ,
ਨਫ਼ਰਤ ਨਫ਼ਰਤ, ਨਫ਼ਰਤ ਨਫ਼ਰਤ, ਨਫ਼ਰਤ ਨਫ਼ਰਤ, ਪਿਆਰ।

ਕੀ ਦੱਸਾਂ! ਕੀ ਦੇਣ ਦੇ ਗਿਆ, ਜਾਂਦਾ ਜਾਂਦਾ ਪਿਆਰ,
ਯਾਦਾਂ ਦੇ ਅੰਬਾਰ ਲਾ ਗਿਆ, ਇਕ ਟੁੱਟਾ ਇਕਰਾਰ।

ਬਰਫ਼ ਜਿਹੀ ਬਸਤੀ ਦੀ ਹਸਤੀ, ਏਨੀ . . . ਠੰਡੀ-ਠਾਰ,
ਪਿਆਰ ਕਰਦੀਆਂ ਦੋ ਰੂਹਾਂ ਦਾ, ਨਿੱਘ ਨਾ ਸਕੇ ਸਹਾਰ।

ਮੈਂ 'ਕਾਗਜ਼ ਦੀ ਬੇੜੀ' ਹਾਂ ਤੇ ਇਹ ਦੁਨੀਆਂ ਮੰਝਧਾਰ,
ਨਾ ਹੀ ਮੇਰਾ 'ਮਾਂਝੀ' ਚੰਗਾ, ਨਾ ਚੰਗਾ 'ਪਤਵਾਰ'।

ਨਾ ਹੀ ਮੇਰਾ 'ਮਾਂਝੀ' ਚੰਗਾ, ਨਾ ਚੰਗਾ 'ਪਤਵਾਰ'।
ਇਕ ਤੂਫ਼ਾਨੀ-ਰਾਤ ਦਾ ਨ੍ਹੇਰਾ, ਕਿੱਦਾਂ ਜਾਵਾਂ ਪਾਰ!

ਤਤਕਰਾ

ਰੂਹ-ਏ-ਸੁਬਹ ਕੇ ਦੌਰ ਮੇਂ ਗੁਜ਼ਰਾ ਥਾ ਜਬ ਕਭੀ,
ਅੰਗੜਾਈਆਂ ਲੇ ਰਹੀ ਥੀਂ ਮੇਰੀ ਖ਼ੁਵਾਹਿਸ਼ੇਂ ਸਭੀ।

ਯੇ ਤੋ ਅਦਾਓਂ ਕਾ ਹੈ ਅਸਰ, ਪਿਆਰ ਹੋ ਗਿਆ,
'ਹਾਂ' ਮੇਂ 'ਹਾਂ' ਮਿਲਾਈ ਥੀ ਨਜ਼ਰੋਂ ਨੇ ਜਿਸ ਘੜੀ।

ਵੋ ਆਏ, 'ਗਰ ਨਾ ਠਹਿਰੇ ਤੋ ਫਿਰ ਕਿਆ ਹੂਆ!
ਇਕ ਪਲ ਕੀ ਜ਼ਿੰਦਗੀ ਭੀ ਹੋਤੀ ਹੈ ਜ਼ਿੰਦਗੀ।

ਜ਼ਿੰਦਾ-ਦਿਲੀ ਸੇ ਦੂ.....ਰ ਵੋਹ ਲੇ ਜਾਏਗੀ ਤੁਮ੍ਹੇਂ,
ਹੱਦ-ਏ-ਸਕੂੰਨ ਕੀ ਤਲਬ ਕਰਨਾ ਨਾ ਤੁਮ ਕਭੀ।

ਹਰ ਪਿਆਸੀ ਰੂਹ ਮੇਂ ਭੀ ਇਕ ਖ਼ਾਸ ਕਸ਼ਿਸ਼ ਹੈ,
ਦਿਲਕਸ਼ੀ ਨਾ ਰਹੇਗੀ, ਅਗਰ ਪਿਆਸ ਨਾ ਰਹੀ।

ਪ੍ਰੀਤਮ! ਵੋਹ ਫੂਲ ਸੂਖ ਕਰ ਰਹਿਤਾ ਹੈ ਮਹਿਕਤਾ,
ਯਾਦੋਂ ਮੇਂ ਗ੍ਰਿਫ਼ਤ ਹੋ ਗਈ ਹੈ, ਜਿਸ ਕੀ ਤਾਜ਼ਗੀ।

ਤਤਕਰਾ

ਜੰਗਲ ਵਿਚ ਛੱਡ ਆਓ ਆਪਣੀ ਤਨਹਾਈ ਨੂੰ,
ਖ਼ੁਸ਼ੀ ਦੀ ਲੋਅ ਵਿਚ ਰੱਖੋ ਗ਼ਮ ਦੀ ਪਰਛਾਈ ਨੂੰ।

ਹਰ ਇਕ ਦਾਨ ਦੇ ਪਾਤਰ ਨੂੰ ਹੁਣ ਕਾਰਣ ਪੁੱਛੋ,
ਠੋਕ ਵਜਾ ਕੇ ਦੇਖੋ ਦਿਲ ਦੀ ਦਰਿਆਈ ਨੂੰ।

ਮਾਣ ਨਾਲ ਜਾ ਬੈਠੋ ਆਪਣੀ ਮੰਜ਼ਿਲ ਉੱਤੇ,
ਪਰ ਹਰਗਿਜ਼ ਨਾ ਭੁੱਲੋ ਰਾਹ ਦੀ ਕਠਿਨਾਈ ਨੂੰ।

ਇਸ ਦੇ ਵਿਚ ਸਮਾ ਸਕਦੀ ਹੈ ਦੁਨੀਆਂ ਸਾਰੀ,
ਕਿੰਜ ਕੋਈ ਨਾਪ ਸਕੇਗਾ ਦਿਲ ਦੀ ਗਹਿਰਾਈ ਨੂੰ!

ਕਰਕੇ ਵਫ਼ਾ ਦੇ ਵਾਅਦੇ, ਲੋਕੀ ਨਹੀਂ ਨਿਭਾਉਂਦੇ,
ਇਹ ਗੱਲ ਵੀ ਸਮਝਾਵੋ, ਇਸ ਦਿਲ ਸੌਦਾਈ ਨੂੰ।

ਉਹਨਾਂ ਨੂੰ ਵੀ ਸੁਣੋ, ਅਸਹਿਮਤ ਹੋਵਣ ਜਿਹੜੇ,
ਅੱਖੋਂ ਉਹਲੇ ਕਰੋ ਨਾ, ਜੱਗ ਦੀ ਸੱਚਾਈ ਨੂੰ।

ਅੱਗੇ ਵਧਣ ਦਾ ਮੌਕਾ, ਸਭ ਨੂੰ ਮਿਲ ਜਾਵੇ ਜੇ,
ਪਿੱਛੇ ਨਾ ਫਿਰ ਖਿੱਚੇਗਾ, ਭਾਈ ਭਾਈ ਨੂੰ।

ਇਹ ਵੀ ਜਿਵੇਂ ਦਵਾ ਹੈ ਉਸ ਦੀ ਮਰਜ਼ ਵਾਸਤੇ,
ਅਹੰ-ਰੋਗ ਦਾ ਰੋਗੀ ਭਾਲੇ ਵਡਿਆਈ ਨੂੰ।

ਗੱਲ ਓਨੀ ਕਰਿਆ ਕਰ ਜੋ ਹੈ ਸੱਚ ਦੁਨੀਆਂ ਦਾ,
ਬਣਾ ਨਾ ਐਵੇਂ ਪਰਬਤ, ਐ ਪ੍ਰੀਤਮ! ਰਾਈ ਨੂੰ।

ਤਤਕਰਾ

ਕਾਫ਼ਲੇ ਬੇਬਸੀ ਕੇ, ਤੌਖ਼ਲੇ ਕੇ ਚਲਤੇ, ਜਾਤੇ ਹੈਂ,
ਜਨਾਜ਼ੇ ਘੌਂਸਲੇ ਕੇ, ਹੌਸਲੇ ਕੇ, ਚਲਤੇ ਜਾਤੇ ਹੈਂ।

ਜ਼ਮੀਂ ਨੇ ਖ਼ੂਨ ਉਗਲਾ, ਆਸਮਾਂ ਨੇ ਆਗ ਬਰਸਾਈ.
ਕਿਆ ਮਹਲ-ਔ-ਮੁਨਾਰੇ! ਚੀਥੜੇ ਭੀ ਜਲਤੇ ਜਾਤੇ ਹੈਂ।

ਅਰਮਾਂ ਲੋਰੀਓਂ ਕੇ, ਸ਼ਾਦੀਓਂ ਕੇ ਮਿਟ ਰਹੇ ਹੈਂ ਯੂੰ,
ਕਿ ਜੈਸੇ ਆਜ ਪੱਥਰ, ਆਂਸੂਓਂ ਮੇਂ ਢਲਤੇ ਜਾਤੇ ਹੈਂ।

ਯਹਾਂ ਦੌਲਤ ਮੇਂ ਔਰ ਘੁਮੰਡ ਮੇਂ ਇਕ ਜੰਗ ਜਾਰੀ ਹੈ,
ਜੋ ਇਸਾਨੀਅਤ ਕੇ ਪੋਲ ਥੇ ਵੋ ਖੁਲ੍ਹਤੇ ਜਾਤੇ ਹੈਂ।

ਖ਼ੁਦਾ ਵਾਲੋਂ ਕਾ ਗਰ ਕੋਈ ਖ਼ੁਦਾ ਹੋਤਾ, ਯਿਹ ਨਾ ਹੋਤਾ,
ਸ਼ੱਕ ਈਮਾਨ ਪੇ, ਅਹਿਲ-ਏ-ਦਿਲੋਂ ਮੇਂ ਪਲਤੇ ਜਾਤੇ ਹੈਂ।

ਹਯਾਤੀ ਚਾਰ ਦਿਨ ਕੀ ਹੈ, ਮਗਰ ਸਬ ਕੀ ਨਹੀਂ ਹੋਤੀ,
ਪ੍ਰੀਤਮ! ਬੇ-ਵਜਹ, ਕੁਛ ਆਤੇ ਆਤੇ ਚਲਤੇ ਜਾਤੇ ਹੈਂ।

ਵਕਤ ਕੋਈ ਵੀ, ਭਲਾ ਨਾ ਹੋਵੇ,
ਵਕਤ ਕੋਈ ਵੀ, ਬੁਰਾ ਨਾ ਹੋਵੇ।

ਵਕਤ ਦੀ ਖ਼ੂਬਸੂਰਤੀ ਹੈ ਕਿ ਇਹ,
ਇਹ ਸਦਾ ਇੱਕੋ ਜਿਹਾ ਨਾ ਹੋਵੇ।

ਹੋਰ ਕਿਸ ਸ਼ੈਅ ਦੀ ਸਾਰ ਆਵੇਗੀ!
ਜਦੋਂ ਆਪਣਾ ਹੀ ਪਤਾ ਨਾ ਹੋਵੇ।

ਖੋਟੇ ਸਿੱਕੇ ਵੀ, ਤਾਂ ਹੀ ਹੁੰਦੇ, ਜੇ
ਦਿਲ ਦਾ ਬਾਜ਼ਾਰ ਖਰਾ ਨਾ ਹੋਵੇ।

ਮੈਂ ਹਰ ਧਰਮੀ ਭੁੱਲਿਆ ਤੱਕਿਆ,
ਉਹ ਕੌਣ ਜਿਸ ਤੋਂ ਖ਼ਤਾ ਨਾ ਹੋਵੇ!

ਇਸ ਜ਼ਮਾਨੇ ਨੂੰ ਕੋਸ ਨਾ ਪ੍ਰੀਤਮ!
ਇਹ ਕਿਸੇ ਤੋਂ ਵੀ ਜੁਦਾ ਨਾ ਹੋਵੇ।

ਤਤਕਰਾ

## ਕੁਝ ਸ਼ੇਅਰ

ਸਰਘੀ ਵੇਲੇ ਦਾ ਨਜ਼ਾਰਾ,
ਸੰਧਿਆ ਵੇਲੇ ਦਾ ਨਜ਼ਾਰਾ,
ਚੜ੍ਹਦੇ ਡੁੱਬਦੇ ਦਿਨ ਦਾ ਚਾਨਣ,
ਆਪਣੀ ਆਪਣੀ ਥਾਂ ਪਿਆਰਾ।

ਕਦੇ ਕਦੇ ਜਦ ਸੋਚ ਕਿਸੇ ਨੂੰ,
ਤੇਰਾ ਮੁੱਖ-ਸੁਹਾਵਾ ਦਿੱਸੇ,
ਓਸ ਜਿਹਾ ਨਾ ਕੋਈ ਆਲਮ,
ਓਸ ਜਿਹਾ ਨਾ ਕੋਈ ਨਜ਼ਾਰਾ

ਜਦ ਕੋਈ ਲੋਅ ਨਜ਼ਰ ਨਾ ਆਵੇ,
ਤਾਂ ਪਤੰਗਾ ਕਿੱਥੇ ਜਾਵੇ!
ਜਿਸ 'ਤੇ ਆਪਣਾ ਆਪ ਲੁਟਾਵੇ,
ਕਿੱਥੋਂ ਚਾਨਣ ਲਵੇ ਉਧਾਰਾ।

ਹਰ ਥਾਂ ਆਸ ਨਿਰਾਸ ਹੈ ਏਥੇ,
ਜੀਵਨ ਇਕ ਪ੍ਰਯਾਸ ਹੈ ਏਥੇ,
ਹਰ ਇਕ ਜੀਵਨ ਕਿਸ਼ਤੀ ਦੇ ਲਈ,
ਇਹ ਸੁਮੰਦਰ, ਇਹ ਕਿਨਾਰਾ।

ਜਨਮ ਦੀ ਭੂਮੀ ਵੀ ਏਹੀ ਹੈ,
ਮਰਨ ਦੀ ਭੂਮੀ ਵੀ ਏਹੀ ਹੈ,
ਖ਼ੁਸ਼ੀਆਂ ਤੇ ਮਾਤਮ ਦਾ ਏਥੇ,
ਚਾਰ ਦਿਨਾਂ ਦਾ ਖੇਲ ਹੈ ਸਾਰਾ।

ਉਹ ਜੋ ਦਿਨ ਦੀ ਖ਼ਬਰ ਲਿਆਵੇ,
ਖ਼ਬਰ ਸੁਣਾਵੇ ਤੇ ਮਿਟ ਜਾਵੇ,
ਚਾਨਣ ਦੇ ਸਾਗਰ ਦੇ ਅੰਦਰ,
ਡੁੱਬ ਜਾਂਦਾ ਏ ਸੁਬਹ ਦਾ ਤਾਰਾ।

ਸਮੇਂ ਨੇ ਐਸਾ ਥਾਂ ਦਿਖਾਉਣਾ,
ਪ੍ਰੀਤਮ! ਜਿੱਥੋਂ ਫੇਰ ਨਾ ਆਉਣਾ।
ਸਾਡੇ ਰਾਹੀਂ ਆ ਡਿੱਗਣਾ ਹੈ,
ਕਿਤਿਓਂ ਕੋਈ ਪੱਥਰ ਭਾਰਾ।

ਤਤਕਰਾ

# ਕੁਝ ਹੋਰ ਸ਼ੇਅਰ

ਹਮ ਕੈਸੇ ਬਚਾ ਦੇਤੇ ਉਸ ਡੂਬਤੇ ਪ੍ਰੇਮੀ ਕੋ,
ਹਮ ਖ਼ੁਦ ਭੀ ਨਾ ਮਿਲ ਪਾਏਂ, ਦਰਿਯਾ ਕੇ ਕਿਨਾਰੇ ਹੈਂ।

ਤੂਫ਼ਾਨ ਸੇ ਕਿਆ ਸ਼ਿਕਵਾ! ਉਸ ਕੀ ਭੀ ਜਵਾਨੀ ਹੈ!!
ਵੋਹ ਡੂਬਤੇ ਹੈਂ, ਜਿਨਕੇ ਕਮਜ਼ੋਰ ਸਹਾਰੇ ਹੈਂ।

ਤੂ ਭੀ ਮਿੱਟੀ ਹੈ ਸਿਤਮਗਰ! ਫਿਰ ਤੇਰਾ ਜਾਦੂ ਕਹਾਂ!!
ਨਾ ਨਯਾ ਪੌਦਾ ਉਗਾਏ, ਨਾ ਭਰੇ ਤੂੰ ਰੰਗ-ਔ-ਬੂ।

ਮਨੋਰਥ ਇਕ ਹੀ ਤਾਂ ਹੈ, 'ਸਿਕੰਦਰ' ਦਾ 'ਸਿਧਾਰਥ' ਦਾ,
ਇਕ ਰਸਤਾ 'ਰੂਹਾਨੀ' ਹੈ ਅਤੇ ਦੂਜਾ 'ਸੁਆਰਥ' ਦਾ।

ਕਤਰੇ ਦੇ ਮੋਢੇ 'ਤੇ ਨੀਂਹ ਬਣੇ ਸਮੁੰਦਰ ਦੀ,
ਐਸਾ ਹੀ ਰਿਸ਼ਤਾ ਹੈ 'ਆਦਮ' ਤੇ 'ਖ਼ੁਦਾ' ਅੰਦਰ।

ਕੁਦਰਤ ਮੇਰੇ ਬਿਨਾਂ ਅਧੂਰੀ, ਮੈਂ ਰਲ ਜਾਵਾਂ ਹੋਵੇ ਪੂਰੀ।
ਪੂਰਣਤਾ ਦੇ ਲਈ 'ਪ੍ਰੀਤਮ'! ਮੇਰੀ ਹੋਂਦ ਵੀ ਬਹੁਤ ਜ਼ਰੂਰੀ।

ਆਪਣੇ ਆਪ ਨੂੰ ਵੀ ਸੁਣ ਤੇ ਆਪਣੇ ਆਪ ਨੂੰ ਵੀ ਕਹਿ,
ਇਹ ਵੀ ਤਾਂ ਤੇਰੀ ਦੁਨੀਆਂ ਹੈ, ਕਦੇ ਤੂੰ ਏਸ ਵਿਚ ਵੀ ਰਹਿ।

ਜੜ੍ਹ ਬਣਨ ਦੀ ਜੇ ਤਾਸੀਰ ਨਹੀਂ,
ਤਾਂ ਉਹ ਫਲ ਵੀ ਫਲ ਨਹੀਂ ਹੁੰਦੇ।

ਅਗਨ-ਪ੍ਰੀਖਿਆ ਦੇਣ ਲਈ, ਜੇ ਨਹੀਂ 'ਰਾਮ' ਤਿਆਰ,
ਹਰਜ ਨਾ 'ਸੀਤਾ' ਵਾਸਤੇ, ਕਰ ਦੇਣਾ ਇਨਕਾਰ।

ਕਈ ਜਗਦੇ ਤੇ ਬੁਝ ਜਾਂਦੇ, ਕਈ ਥੱਕਦੇ ਤੇ ਟੁੱਟ ਜਾਂਦੇ,
ਸਵੇਰਾ ਹੋਣ ਤਕ, ਤਾਰੇ ਵੀ ਸਾਰੇ ਕਿਥੇ ਰਹਿੰਦੇ ਨੇ!

ਮੱਛੀਆਂ ਦੇ ਹੰਝੂ, ਕੋਈ ਦੇਖੇ ਜੇ ਤਾਂ ਕਿਸ ਤਰ੍ਹਾਂ?
ਜ਼ਖ਼ਮੀ ਹੋ ਕੇ ਰੋਂਦੀਆਂ ਨੇ, ਜਦ ਉਹ ਪੱਥਰ ਚੱਟਦੀਆਂ।

ਪਿਆਸ ਮਿਟ ਜਾਣ ਦੀ ਕੀ ਆਸ ਲਗਾਉਣੀ 'ਪ੍ਰੀਤਮ'!
ਹਰ ਸਮੁੰਦਰ ਹੀ ਰਿਹਾ ਹੈ ਜੇ ਪਿਆਸਾ ਏਥੇ।

ਕਮਜ਼ੋਰ ਹੈ ਜੋ ਬੰਦਾ, ਆਪਣੀ ਸੁਰੱਖਿਆ ਲਈ,
'ਰੱਬਾਂ' ਦੇ 'ਰਾਜਿਆਂ' ਦੇ, ਕਈ ਡੰਨ ਭਰ ਰਿਹਾ ਹੈ।

ਤਤਕਰਾ

ਜਿਸ ਮੇਰਾ ਰੁੱਖ ਵੱਢ ਕੇ, ਬੇੜੀ ਬਣਾ ਲਈ ਸੀ,
ਦੇਖੀਂ ਜ਼ਰਾ ਕੁ 'ਪ੍ਰੀਤਮ'! ਡੁੱਬਿਐ ਕਿ ਤਰ ਰਿਹਾ ਹੈ।

ਜ਼ਿੰਦਗੀ ਜੀਣ ਦੀ ਤਕਲੀਫ਼ ਉਠਾਈ ਰੱਖਣਾ,
ਦੁਖ ਰਹੀ ਨਾੜ ਨੂੰ ਹੱਥਾਂ 'ਚ ਦਬਾਈ ਰੱਖਣਾ।

ਨਕਸ਼ ਘਰ ਦੇ ਬਣ ਗਏ ਆਦਮੀ ਦੇ ਸਾਹਮਣੇ,
ਦੇਖੇ ਸੀ ਜਦ ਓਸ ਨੇ, ਖੁੱਡਾਂ, ਘੁਰਨੇ, ਆਹਲਣੇ।

ਪੱਥਰਾਂ ਨੂੰ, ਬੂਟਿਆਂ ਨੂੰ, ਪਸ਼ੂਆਂ, ਪਰਿੰਦਿਆਂ ਨੂੰ,
ਖ਼ਤਰਾ ਹੈ ਆਦਮੀ ਤੋਂ, ਪਹਿਲੇ ਬਾਸ਼ਿੰਦਿਆਂ ਨੂੰ।

ਜੀਵਨ-ਸੰਗੀਤ ਸੁਣੀਏਂ, ਹਵਾ ਤੋਂ, ਪਾਣੀਆਂ ਤੋਂ,
ਮੌਸਮ ਨਿਗਲ ਨਾ ਜਾਵੇ, ਇਹਨਾਂ ਸਾਜ਼ਿੰਦਿਆਂ ਨੂੰ।

ਕਿਸੇ ਪਰਬਤ ਦੇ ਮੀਂਹ ਵਾਂਗੂੰ, ਵਤਨ ਵੱਲ ਫੇਰ ਜਾ 'ਪ੍ਰੀਤਮ'!
ਕੋਈ 'ਦਰਿਆ ਦੇ ਕੰਢੇ ਰੁੱਖੜਾ' ਉਡੀਕਦਾ ਹੋਣਾ।

ਹਰ ਵਕਤ ਖ਼ਿਜ਼ਾ ਏਥੇ, ਹਰ ਵਕਤ ਬਹਾਰਾਂ ਨੇ,
ਦੁਨੀਆਂ ਦੇ ਜਿਹਾ ਕੋਈ ਗੁਲਜ਼ਾਰ ਨਾ ਹੋਣਾ।

'ਮੁਮਤਾਜ-ਮਹਲ' ਘੜ ਕੇ, ਮਕਤਲ ਨੂੰ ਜਾ ਰਹੇ!
ਵੱਖਰੇ ਮਿਜ਼ਾਜ ਵਾਲਾ 'ਸ਼ਾਹੇ-ਜਹਾਨ' ਦੇਖ!

ਸੇਬ ਖਾਣ ਨੂੰ ਆਖ ਰਹੀ ਏਂ! ਨਾ ਬਈ ਹੁਣ ਨਹੀਂ ਖਾਣਾ,
ਇਕ ਵਾਰੀ ਤੇ ਛੱਡ ਆਇਆ ਹਾਂ ਤੇਰੇ ਕਹੇ ਖ਼ੁਦਾਈ।

ਨਾ ਏਥੇ ਕਲਪ ਹੈ ਕੋਈ ਤੇ ਨਾ ਏਥੇ ਹੁਮਾ ਕੋਈ,
ਮੇਰੇ ਵਰਗ ਵਿਚ ਜਿੰਦਾਂ, ਮੁਸ਼ੱਕਤ ਨਾਲ ਟਕਰਾਈਆਂ।

ਮਿਟ ਤੇ ਗਈਆਂ ਨੇ ਲਕੀਰਾਂ, ਪਰ ਪ੍ਰੀਤਮ!
ਜ਼ਿੰਦਗੀ ਨੂੰ ਦੱਬ ਕੇ ਵਹੁਣਾ ਪਿਆ ਹੈ।

ਤਸੱਵਰ ਪ੍ਰੀਤਮ ਦਾ, ਆਨੰਦਤ ਕਰ ਜਾਂਦੈ,
ਪਿੱਛੇ ਰਹਿ ਜਾਂਦੀ ਹੈ, ਜਦ ਮੰਜ਼ਿਲ 'ਬਿਰਹਾ' ਦੀ।

ਮਜ਼ਾ ਕੁਝ ਹੋਰ ਹੀ ਹੁੰਦੈ, ਜੇ ਥੁਹੜੀ ਪਿਆਸ ਰਹਿ ਜਾਵੇ,
ਦਿਲਕਸ਼ ਹੁੰਦੀਆਂ ਅਕਸਰ, 'ਪ੍ਰੀਤਮ'! ਰੂਹਾਂ ਤਰਿਹਾਈਆਂ।

ਤੂੰ ਲਾਰੇ 'ਤੇ ਬਹਿ ਕੇ ਫੇਰੀ ਜਾ ਮਾਲਾ,
ਮੈਂ ਜੰਨਤ ਸਦਾ ਪੇਸ਼ਗੀ ਮੰਗਦਾ ਹਾਂ।

ਤਤਕਰਾ

ਨਾ, ਐਸੇ ਇਤਹਾਸ ਦਾ ਕਰ ਜਾਪ ਨਾ,
ਜਿਸ ਦੇ ਸਫ਼ਿਆਂ ਦੇ ਉੱਤੇ, ਤੂੰ ਆਪ ਨਾ।

ਖ਼ਤਰੇ ਦੇ ਵਿਚ ਬੱਚਿਆਂ ਨੂੰ ਮਾਂ ਨਾ ਛੱਡ ਕੇ ਜਾਏਗੀ,
ਪੰਛੀ ਉੱਡ ਜਾਵੇਗਾ ਕਿਧਰੇ, ਕਿੰਜ ਪਰਾਂ ਨੂੰ ਛੱਡ ਕੇ!

ਆਪਣੇ ਜੀਆ-ਜੰਤ ਲਈ ਸੂਰਜ ਅਧੂਰਾ ਦੇਖ ਕੇ,
ਧਰਤੀ ਆਪਣੇ ਗਿਰਦ ਚੱਕਰ, ਰਾਤ ਦਿਨ ਲਾਉਂਦੀ ਰਹੀ।

ਚੰਗਾ ਵੀ ਹੁੰਦਾ ਹੈ ਜੇਕਰ ਬੱਚਾ ਜ਼ਿਦ ਕਰਦਾ ਹੈ,
ਇਹ ਹੀ ਪ੍ਰਤੀਕਰਮ ਹੈ, ਉਸਨੂੰ ਜੋ ਮਜ਼ਬੂਤ ਬਣਾਵੇ।

ਇਹ ਮਿੱਟੀ ਜ਼ਰਖ਼ੇਜ਼, ਇਹਨੂੰ ਕਾਮੇਂ, ਰਾਖੇ ਚਾਹੀਦੇ,
ਏਸ ਥਾਂ ਨਾ ਕਦਰ ਪਾਵੇ, ਤਾਲ ਦੀ ਪਾਇਲ ਦੀ ਗੱਲ।

ਮੰਨਿਆਂ ਕਿ ਮੰਗਣਾ ਹੈ ਜੀਵਨ ਦੀ ਫ਼ਿਤਰਤ,
ਬਸ ਇਹ ਬਦਲ ਜਾਵੇ, ਇਹੀ ਮੰਗਦਾ ਹਾਂ।

ਤੂੰ ਪ੍ਰੀਤਮ ਨੂੰ ਪਹਿਲਾਂ ਪਰਖ ਕੇ ਤਾਂ ਦੇਖੀਂ
ਕਿ ਕੀ ਮੁੱਲ ਪਾਉਂਦਾ ਏ, ਹੀਰੇ ਜਿਹੇ ਦਿਲ ਦਾ,
ਭੁਲੇਖੇ ਦੇ ਵਿਚ ਹੀ ਨਾ ਤੈਨੂੰ ਲੈ ਡੁੱਬੇ,
ਭਰੋਸੇ ਦੇ ਨਾਂ 'ਤੇ, ਤੇਰੀ ਕਮ-ਨਿਗਾਹੀ।

ਇਨਸਾਨ ਲਈ ਤੇ ਅੱਗ ਲਈ ਹਵਾ ਹੈ ਜ਼ਿੰਦਗੀ,
ਏਸੇ ਲਈ ਤਾਂ ਇਨ੍ਹਾਂ ਦੇ ਭੜਕਣ 'ਚ ਫ਼ਰਕ ਨਹੀਂ।

ਹਰ ਇਕ ਜੀਵ ਲਈ ਵਾਤਾਵਰਣ ਦਾ ਇਕ ਘੇਰਾ ਹੈ,
ਜੇ ਘੇਰਾ ਛੋਟਾ ਹੋ ਜਾਵੇ, ਆਪੇ ਤੋਂ ਬਾਹਰ ਹੋ ਜਾਂਦੈ।

ਖਿੱਲਾਂ ਵਿਚ ਤੇ ਰੋੜਾਂ ਵਿਚ, ਫ਼ਰਕ ਏਨਾ ਹੀ ਹੈ ਪ੍ਰੀਤਮ,
ਕਿ ਅੰਦਰੋਂ ਕੱਚਿਆਂ ਦੀ, ਸੇਕ ਨੇ ਸ਼ਕਲ ਬਦਲ ਦਿੱਤੀ।

ਧਰਮ ਦਾ ਕੰਮ ਹੈ ਇਨਸਾਨ ਨੂੰ ਖ਼ਤਰੇ 'ਚੋਂ ਕੱਢ ਲੈਣਾ,
ਦੱਸ! ਉਹ ਧਰਮ ਹੀ ਕਾਹਦਾ ਜਿਹੜਾ ਖ਼ਤਰੇ 'ਚ ਪੈ ਜਾਵੇ।

ਸੋਚਦਾ ਹਾਂ, ਤੇਰੇ ਤੇ ਜੇ ਮੇਰਾ ਹੱਕ ਹੁੰਦਾ ਕਦੀ,
ਤਾਂ ਕੀ ਫਿਰ ਵੀ ਮੈਂ ਕਿਸੇ ਦੂਜੇ ਦੇ ਬਾਰੇ ਸੋਚਦੀ?

ਹਾਂ, ਮੈਨੂੰ ਮਨਜ਼ੂਰ ਹੈ, ਇਸ਼ਕੇ ਦੀ ਅੱਗ ਵਿਚ ਸੜ ਮਰਾਂ,
ਅੰਤ ਤੋਂ ਪਹਿਲਾਂ, ਕੋਈ ਛਿਨ ਅੱਗ ਨਿੱਘ ਵੀ ਦੇਵੰਦੀ।

ਤਤਕਰਾ

ਪਿਆਲਾ ਜ਼ਹਿਰ ਦਾ, ਸੁਕਰਾਤ ਵੀ, ਮੀਰਾਂ ਨੇ ਵੀ ਪੀਤਾ,
ਇਕ ਦੇ ਸਾਹਮਣੇ ਚਾਨਣ ਤੇ ਦੂਜੇ ਦੇ ਹਨੇਰਾ ਸੀ।

ਤੇਰੀ ਮੰਜ਼ਿਲ ਨਾਲ ਜੋ ਤੇਰੇ ਕਦਮ ਨੂੰ ਜੋੜਦੀ,
ਓਸ ਪਗਡੰਡੀ, ਵਿਚਾਰੀ ਬਾਂਝ-ਕੁੱਖ ਨੂੰ ਦੇਖ ਤੂੰ।

ਭਾਵੇਂ ਖ਼ਿਆਲਾਂ ਵਿਚ ਹੀ ਹਰ ਸੁਖ ਨੂੰ ਮਾਣਿਆਂ,
ਪਲ ਦੋ ਪਲਾਂ ਲਈ ਇਹ ਜ਼ਿੰਦਗੀ ਸਵਾਰ ਲਈ।

ਤੂੰ ਤਾਂ ਆਖੇਂ, "ਕੰਡੇ ਕਿਉਂ ਨੇ ਏਥੇ, ਜਿੱਥੇ ਫੁੱਲ ਖਿਲੇ ਨੇ?"
ਪਰ ਇਹ ਵੀ ਤਾਂ ਸੋਚ ਕਿ, ਏਥੇ ਕੰਡਿਆਂ ਨੂੰ ਵੀ ਫੁੱਲ ਮਿਲੇ ਨੇ।

ਜਦ ਸਾਡਾ, ਸਾਡੀ ਆਪਣੀ ਹੀ ਸੀਮਾਂ ਦਾ ਡਰ ਮਿਟ ਜਾਵੇਗਾ,
ਤਾਂ ਉਸ ਵੇਲੇ ਹਰ ਇਕ ਜ਼ੱਰਾ, ਸਾਨੂੰ ਸੁੰਦਰ ਨਜ਼ਰ ਆਵੇਗਾ।

ਆਪਣਾ ਦੇਸ਼ ਨਾ ਰੋਜ਼ੀ ਦੇਵੇ, ਬਾਹਰ ਜਾਵੇ ਕੋਈ,
ਜੀਂਦੇ ਹੀ ਪ੍ਰਵਾਸੀ ਦੇ ਘਰ, ਬੀਵੀ ਵਿਧਵਾ ਹੋਈ।

ਜਦ ਸਾਧਨਾ ਦੇ ਰੁੱਖ 'ਤੇ, ਮੁਕਤੀ ਦਾ ਬੂਰ ਆਇਆ,
ਜੀਵਨ ਦੀ ਆਰਜ਼ੂ ਨੇ, ਝੰਬੀ ਹਰੇਕ ਡਾਲੀ।

ਇਕ ਧਰਤੀ, ਇਕ ਮੌਸਮ, ਇਕ ਜੜ੍ਹ, ਇਕ ਸ਼ਾਖ਼ ਹੈ,
ਦੇਖ! ਪਰ ਕਿੰਨਾ ਫ਼ਰਕ ਹੈ, ਫੁੱਲ ਵਿਚ ਤੇ ਖਾਰ ਵਿਚ।

ਜੀਵਨ ਦੇ ਅੱਖਰਾਂ ਵਿਚ, ਕਤਰੇ!
ਇਸ ਦੇ ਮਾਅਨੇ ਵਾਂਗ ਉੱਤਰ ਜਾ।
ਮਰਨ ਲਈ, ਇਕ ਬੂੰਦ ਦੇ ਵਾਂਗੂੰ,
ਤੂੰ ਕੋਈ ਖਾਲੀ ਸਿੱਪੀ ਭਰ ਜਾ।

ਤੂਫ਼ਾਨਾਂ ਦਾ ਕੀ ਸ਼ਿਕਵਾ! ਤਾਕਤਵਰ ਜ਼ੋਰ ਦਿਖਾਉਣਾ ਏਂ,
ਉਹ ਡੁੱਬਦੇ ਨੇ, ਜਿਨ੍ਹਾਂ ਦੇ, ਕਮਜ਼ੋਰ ਸਹਾਰੇ ਹੁੰਦੇ ਨੇ।

ਜੀਵਨ ਸੌਖਾ ਕਰਨ ਦੇ ਲਈ, ਚੇਤਨਾ ਵਿਚ' ਸਬੱਬ ਬਣੇ ਨੇ,
ਇਸ ਦਾ ਸਾਥ ਜੋ ਲੈ ਕੇ ਚੱਲੇ, ਰੱਬ ਲੱਭਿਆ ਨਹੀਂ, ਰੱਬ ਬਣੇ ਨੇ।

ਚੱਟਾਨਾ ਦੀ ਕਮਜ਼ੋਰੀ ਵੀ ਪਾਣੀ ਲੱਭ ਲੈਂਦਾ ਹੈ,
ਇਹ ਨਿਰੰਤਰ ਤੁਰਿਆ ਜਾਵੇ ਵਿੱਥਾਂ ਵਿਰਲਾਂ ਥਾਣੀ।

ਕੁਝ ਹੋਰ ਵੀ ਸਹਾਰਾ ਹੱਥਾਂ 'ਚ ਰੱਖ ਤੂੰ,
ਕਹਿੰਦੇ ਕਿ ਸਾਥ ਦਿੰਦੀ ਕਿਸਮਤ, ਕਦੀ ਕਦੀ।

ਤਤਕਰਾ

ਰੋਗੀ ਦੇ ਲਈ ਵੈਦ ਵੀ ਜੇ ਰੋਗੀ ਹੋਵੇ ਤਾਂ ਕੀ ਹੋਇਆ?
ਨਦੀ ਨੂੰ ਸਾਗਰ ਨਾਲ ਮਿਲਾਵਣ ਲਈ, ਕਿਨਾਰੇ ਹੁੰਦੇ ਨੇ ।

ਤਨ ਦੇ ਰੋਗ ਨੂੰ ਤਨ ਆਪੇ ਦੂਰ ਕਰ ਸਕਦੈ,
ਐਵੇਂ ਵਿਸ਼ਵਾਸ ਹੈ ਲੋਕਾਂ ਦਾ, ਦਵਾਈ ਅੰਦਰ।

ਤਤਕਰਾ